ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਾਨਕਿ ਰਾਜੁ ਚਲਾਇਆ

## ਸਚੁ ਕੋਟੁ ਸਤਾਣੀ ਨੀਵ ਦੈ

## ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ



Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਨੂਰਾਨੀ ਜੋਤ

ਸਰੀਰ ਬਦਲਦੀ ਹੈ
ਪਰ ਬੁਝਦੀ ਨਹੀਂ

Sri Satguru Jagjit Singh Ji Elibrary NamdhariElibrary@gmail.com

ੴ

NO. 1

DATE

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਆਮ ਪ੍ਰਚਲਤ ਸਾਖੀ ਹੈ ਕਿ ਵਿਆਸ ਮੁਨੀ ਦੇ ਪੁਤ੍ਰ ਰਿਖੀ ਸੁਕਦੇਵ ਜੀ ਦਾ ਜਦੋਂ ਅਤੇ ਜਿੱਥੇ ਜਨਮ ਹੋਇਆ ਸੀ, ਉਦੋਂ ਸ੍ਰੀ ਅਕਾਲ ਪੁਰਖ ਜੀ ਨੇ ਉਸ ਥਾਂ ਤੋਂ ਮਾਇਆ ਸੰਕੋਚ ਲਈ ਸੀ। ਸ੍ਰੀ ਸੁਕਦੇਵ ਜੀ ਸਮਝਦੇ ਸਨ ਕਿ ਮੈਂ ਉੱਚੀ ਜਾਤ ਬ੍ਰਾਹਮਣ ਦਾ ਪੁਤ੍ਰ ਹਾਂ ਅਤੇ ਮੈਂ ਜਨਮ ਤੋਂ ਹੀ ਗਿਆਨੀ ਹਾਂ, ਮੈਨੂੰ ਕਿਸੇ ਗੁਰੂ ਦੀ ਲੋੜ ਨਹੀਂ।

ਇਕ ਵੇਰ ਆਪ ਜੀ ਜਗਨ ਨਾਥ ਪੁਰੀ ਗਏ ਸਨ ਅਤੇ ਰੋਜ਼ ਮਹਾਰਾਜ ਜੀ ਦੇ ਕੋਲ ਬੈਠਿਆ ਕਰਦੇ ਸਨ। ਜਦੋਂ ਆਪ ਉੱਥੋਂ ਉੱਠ ਕੇ ਜਾਂਦੇ ਤਾਂ ਮਹਾਰਾਜ ਜੀ ਦੇ ਸੇਵਕ ਸੁਕਦੇਵ ਜੀ ਦੇ ਬੈਠਣ ਵਾਲੀ ਥਾਂ ਤੋਂ ਸਵਾ ਗਜ਼ ਜ਼ਮੀਨ ਪੱਟਦੇ ਅਤੇ ਫਿਰ ਉੱਥੇ ਨਵੀਂ ਮਿੱਟੀ ਪਾਉਂਦੇ। ਇਸ ਗੱਲ ਦਾ ਪਤਾ ਲਗਣ ਤੇ ਇਕ ਦਿਨ ਸੁਕਦੇਵ ਜੀ ਨੇ ਸੇਵਕਾਂ ਕੋਲੋਂ ਪੁੱਛਿਆ ਕਿ ਭਾਈ ਤੁਸੀਂ ਰੋਜ਼ ਮਿੱਟੀ ਪੁੱਟਦੇ ਹੋ ਅਤੇ ਨਵੀਂ ਮਿੱਟੀ ਪਾਉਂਦੇ ਹੋ ਇਸ ਦਾ ਕਾਰਨ ਕੀ ਹੈ? ਸੇਵਕਾਂ ਨੂੰ ਪਤਾ ਨਹੀਂ ਸੀ ਕਿ ਇਹ ਹੀ ਸੁਕਦੇਵ ਹੈ, ਉਨ੍ਹਾਂ ਕਿਹਾ ਕਿ ਭਾਈ, ਇਕ ਨਿਗੁਰਾ ਸੁਕਦੇਵ ਆਉਂਦਾ ਹੈ ਅਤੇ ਮਹਾਰਾਜ ਜੀ ਦੇ ਕੋਲ ਹੀ ਬਹਿ ਜਾਂਦਾ ਹੈ, ਉਹ ਭਾਵੇਂ ਬ੍ਰਾਹਮਣ ਦਾ ਪੁਤ੍ਰ ਹੈ ਪਰ ਹੈ ਤਾਂ ਨਿਗੁਰਾ, ਨਿਗੁਰਾ ਹੋਣ ਕਰਕੇ ਜਿੱਥੇ ਉਹ ਬੈਠਦਾ ਹੈ ਉੱਥੋਂ ਦੀ ਸਵਾ ਗਜ਼ ਜ਼ਮੀਨ ਅਪਵਿੱਤਰ ਹੋ ਜਾਂਦੀ ਹੈ। ਸਾਨੂੰ ਹਰ ਰੋਜ਼ ਉਸ ਥਾਂ ਦੀ ਮਿੱਟੀ ਬਦਲਣੀ ਪੈਂਦੀ ਹੈ। ਬਾਣੀ

ਨਿਗੁਰੇ ਕਉ ਗਤਿ ਕਾਈ ਨਾਹੀ" (ਪੰਨਾ ੩੬੧

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਲਿਖਦੇ ਹਨ

ਨਾਨਕ, ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।
ਖੇਤੈ ਅੰਦਰਿ ਛੁਟਿਆ, ਕਹੁ ਨਾਨਕ ਸਉ ਨਾਹ।
ਫਲੀਅਹਿ ਫੁਲੀਅਹਿ ਬਪੁੜੇ, ਭੀ ਤਨ ਵਿਚਿ ਸੁਆਹ।
(ਪੰਨਾ ੪੬੩

ਮਹਾਰਾਜ ਜੀ ਦੇ ਸੇਵਕਾਂ ਕੋਲੋਂ ਆਪਣੇ ਨਿਗੁਰੇ ਹੋਣ ਬਾਰੇ ਸੁਣ ਕੇ, ਸੁਕਦੇਵ ਜੀ ਨੂੰ ਬੜਾ ਦੁੱਖ ਲੱਗਿਆ, ਅੱਖਾਂ ਖੁਲ੍ਹੀਆਂ ਅਤੇ ਗੁਰੂ ਧਾਰਨ ਦੀ ਲੋੜ ਮਹਿਸੂਸ ਕੀਤੀ ਫਿਰ ਰਾਜੇ ਜਨਕ ਨੂੰ ਗੁਰੂ ਧਾਰਨ ਕੀਤਾ।

ਸ੍ਰੀ ਸਤਿਗੁਰ ਰਾਮ ਦਾਸ ਜੀ ਲਿਖਦੇ ਹਨ :-

Sri Satguru Jagjit Singh Ji Elibrary NamdhariElibrary@gmail.com

ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀ ਲਗਿ ਧਿਆਵੈਗੋ

ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ
(ਪੰਨਾ ੧੩੦੯)

ਲਿਖਣ ਦਾ ਭਾਵ ਹੈ ਕਿ ਆਦਮੀ ਭਾਵੇਂ ਕਿੱਡਾ ਵੀ ਸਿਆਣਾ ਹੋਵੇ, ਭਾਵੇਂ ਕਿੱਡਾ ਵੀ ਵੱਡਾ ਹੋਵੇ ਪਰ ਜਿੰਨਾ ਚਿਰ ਉਹ ਕਿਸੇ ਗੁਰੂ ਦੀ ਚਰਨੀ ਨਹੀਂ ਲਗਦਾ ਉੱਨਾਂ ਚਿਰ ਉਸ ਨੂੰ ਗਿਆਨ ਨਹੀਂ ਹੋ ਸਕਦਾ, ਜਿਵੇਂ ਕਿ ਰਿਖੀ ਸੁਕਦੇਵ ਜੀ ਨੂੰ, ਜਿਤਨਾ ਚਿਰ ਜਨਕ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ, ਗਿਆਨ ਨਹੀਂ ਸੀ ਹੋਇਆ। ਇਸੇ ਲਈ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸਾਨੂੰ ਸਿੱਖਿਆ ਦੇਂਦੇ ਹਨ ਕਿ ਭਾਈ

ਬਿਨੁ ਗੁਰ ਦੀਖਿਆ
ਕੈਸੇ ਗਿਆਨੁ ॥ (ਪੰਨਾ ੧੧੪੦

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥

ਬੇਸ਼ਕ) ਪੂਛਹੁ ਬ੍ਰਹਮੇ, ਨਾਰਦੈ, ਬੇਦ ਬਿਆਸੈ, ਕੋਇ ॥

ਸ੍ਰੀ ਸਤਿਗੁਰੂ ਅਮਰ ਦਾਸ ਜੀ ਲਿਖਦੇ ਹਨ

ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥

(ਕਿਉਂਜੋ) ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥
(ਪੰਨਾ ੧੧੪)

ਅਥਵਾ ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥

ਤਤੈ ਸਾਰ ਨ ਜਾਣੀ, ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
(ਪੰਨਾ ੯੨੦)

ਭਾਈ ਗੁਰਦਾਸ ਜੀ ਲਿਖਦੇ ਹਨ :-

ਵੇਦ ਗ੍ਰੰਥ ਗੁਰ ਹੱਟ ਹੈ, ਜਿਸੁ ਲਗਿ ਭਵਜਲ ਪਾਰ ਉਤਾਰਾ ।

ਸਤਿਗੁਰ ਬਾਝੁ ਨ ਬੁਝੀਐ, ਜਿਚਰ ਧਰੇ ਨ ਗੁਰ ਅਵਤਾਰਾ ॥

Sri Satguru Jagjit Singh Ji Elibrary NamdhariElibrary@gmail.com

ਵੇਦ, ਸ਼ਾਸਤ੍ਰ, ਸਿਮ੍ਰਿਤਿ ਆਦਿ ਗ੍ਰੰਥਾਂ ਦੇ ਪੜ੍ਹਨ ਨਾਲ ਪੁੰਨ
ਪਾਪ ਦੀ ਵੀਚਾਰ ਹੁੰਦੀ ਹੈ ਅਤੇ ਇਹ ਸਿੱਖਿਆ ਮਿਲਦੀ ਹੈ ਕਿ ਆਤਮਕ ਗਿਆਨ
(Spiritual Light) ਦੀ ਪ੍ਰਾਪਤੀ ਲਈ ਜ਼ਰੂਰ ਬ੍ਰਹਮ ਗਿਆਨੀ ਗੁਰੂ ਕੋਲੋਂ
ਉਪਦੇਸ਼ ਅਥਵਾ ਗੁਰ ਮੰਤ੍ਰ ਲਇਆ ਜਾਏ ਕਿਉਂਜੋ

**ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ**

**ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ**

ਇਸ ਦਾ ਅਰਥ ਪ੍ਰੋਫੈਸਰ ਸਾਹਿਬ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ :- (ਪੰਨਾ ੪੯੧)
(ਜੇ) ਹਰੇਕ ਮਨੁੱਖ (ਨਿਰੀ ਜੀਭ ਨਾਲ ਹੀ) ਪਰਮਾਤਮਾ ਦਾ ਨਾਮ
ਆਖਦਾ ਰਹੇ, (ਤਾਂ ਨਿਰਾ ਜੀਭ ਨਾਲ) ਪਰਮਾਤਮਾ ਦਾ ਨਾਮ ਆਖਿਆਂ
(ਸਫਲਤਾ) ਨਹੀਂ ਹੁੰਦੀ । ਜਦੋਂ ਕਿਸੇ ਮਨੁੱਖ ਦੇ ਮਨ ਵਿਚ

**"ਗੁਰੂ ਦੀ ਕਿਰਪਾ ਨਾਲ"**

ਪਰਮਾਤਮਾ ਆ ਵੱਸੇ, ਤਦੋਂ ਉਸਨੂੰ ਉਸ ਸਿਮਰਨ ਦਾ ਫਲ ਮਿਲਦਾ ਹੈ ।

ਇਸੇ ਵਾਸਤੇ ਹੀ ਤਾਂ ਸਤਿਗੁਰੂ ਰਾਮ ਦਾਸ ਜੀ ਲਿਖਦੇ ਹਨ :-

**ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ**

**ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ** ॥ (ਪੰਨਾ ੫੪੦)

ਸ੍ਰੀ ਜਸਵਿੰਦਰ ਸਿੰਘ ਜੀ ਲਿਖਦੇ ਹਨ :-

ਸਤਿਗੁਰ, ਜੋਤ ਹੈ ਅਕਾਲ ਪੁਰਖ ਦੀ,
ਜੁਗਤ ਦੱਸਦਾ ਹੈ,
ਤਾਂ ਹੀ ਭਰਮ ਨੱਸਦਾ ਹੈ
ਮਹਾਂ ਬਲੀ ਕੂੜ ਅਤੇ ਪਾਪ ਦੀ ਧੁੰਧ ਮੇਟਣ ਲਈ,
"ਸਤਿਗੁਰੂ ਜੋਤ" ਜ਼ਰੂਰੀ ਹੈ
ਕਿਉਂਜੋ ਸਤਿਗੁਰੂ ਮਨੁੱਖ ਨੂੰ ਚਿਕੜ ਵਿਚੋਂ ਕੱਢਦਾ ਹੈ ।
ਮਨੁੱਖ ਫੇਰ ਤਿਲਕਦਾ
ਮੁੜ ਉਸੇ ਚਿਕੜ ਵਿਚ ਜਾ ਡਿਗਦਾ ਹੈ
ਤਾਂ ਹੀ ਸਭ ਕਹਿੰਦੇ ਹਨ
ਗੁਰੂ ਲੱਭੋ
ਗੁਰੂ ਬਿਨਾਂ ਰਾਹ ਕੋਈ ਸੁਝਦਾ ਨਹੀਂ

NO. 4

DATE

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਲਿਖਦੇ ਹਨ

ਬਿਨੁ ਗੁਰ ਭਰਮੈ ਆਵੈ ਜਾਇ ॥

ਬਿਨੁ ਗੁਰ ਘਾਲ ਨ ਪਵਈ ਥਾਇ ॥

ਬਿਨੁ ਗੁਰ ਮਨੂਆ ਅਤਿ ਡੋਲਾਇ ॥

ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ (ਪੰਨਾ ੮੪੨)

ਲਿਖਣ ਦਾ ਭਾਵ ਹੈ ਕਿ ਗੁਰੂ ਬਿਨ ਗਿਆਨ ਨਹੀਂ ਹੁੰਦਾ

ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ

ਪਰ ਇਹ ਖਿਆਲ ਰਖਣਾ ਜ਼ਰੂਰੀ ਹੈ ਕਿ (ਪੰਨਾ ੬੫੦)

ਅੰਧੇ ਗੁਰੂ ਤੇ ਭਰਮੁ ਨ ਜਾਈ (ਪੰਨਾ ੨੩੨)

ਕਿਉਂਜੋ

ਗੁਰੂ ਸਦਾਏ ਅਗਿਆਨੀ ਅੰਧਾ

ਤਾਂ ਫਿਰ

ਕਿਸੁ ਓਹੁ ਮਾਰਗਿ ਪਾਏ (ਪੰਨਾ ੪੯੧)

ਇਸ ਲਈ ਸਾਨੂੰ ਪੂਰੇ ਗੁਰੂ ਨੂੰ ਮਿਲਣ ਦੀ ਭਾਵਨਾ ਅਤੇ ਇਛਿਆ ਰਖਣੀ ਚਾਹੀਦੀ ਹੈ ਅਤੇ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਨੂੰ ਪੂਰਾ ਗੁਰੂ ਮਿਲੇ

ਕਿਉਂਜੋ

ਪੂਰੇ ਗੁਰ ਕੀ ਪੂਰੀ ਦੀਖਿਆ ॥ (ਪੰਨਾ ੨੯੩)

ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥

ਸੰਤ ਗਿਆਨ ਸਿੰਘ ਜੀ ਲਿਖਦੇ ਹਨ

ਗੁਰ ਮਾਰਗ ਭੂਲੇ ਕੋ ਪਾਵੈ, ਗੁਰ ਮਿਲਿਐ ਸ਼ਾਂਤੀ ਮਨ ਆਵੈ,

ਪੂਰਾ ਗੁਰੂ ਮਿਲੈ ਦੁਖ ਕਾਟੈ, ਜਮ ਜੰਦਾਰ ਕੇ ਕਾਰਗ ਫਾਟੈ,

ਗੁਰ ਪਰਮੇਸ਼ਰ ਆਣ ਮਿਲਾਵੈ ,

ਦੂਰ ਕਹੇ ਸੋ ਨੇੜਹ ਪਾਵੈ ,

Sri Satguru Jagjit Singh Ji Elibrary NamdhariElibrary@gmail.com

ਕਲਿਜੁਗ ਦੇ ਪੂਰੇ ਗੁਰੂ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ:-

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਓ ॥ (ਪੰਨਾ ੧੩੯੫)

ਭਾਈ ਨੰਦ ਲਾਲ ਜੀ ਲਿਖਦੇ ਹਨ:-

ਗੁਰੁ ਨਾਨਕ ਆਮਦ ਨਰਾਇਨ ਰੂਪ ।

ਇਸ ਨਰਾਇਣ ਰੂਪ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬਾਰੇ ਸੌ ਸਾਖੀ ਵਿਚ ਲਿਖਿਆ ਹੋਇਆ ਹੈ:-

ਸਾਰਾ ਕਲਿਜੁਗ ਚੌਰਾਸੀ ਨਾਨਕ ਧਰ ਅਵਤਾਰ ॥

ਭਾਵ ਸਾਰੇ ਕਲਿਜੁਗ ਵਿਚ ਪਹਿਰਾ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਹੈ ।
ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਦੇਹਧਾਰੀ ਗੁਰੂ ਦੀ ਹਮੇਸ਼ਾ ਲੋੜ ਨੂੰ ਮੁਖ ਰੱਖਕੇ ਹਮੇਸ਼ਾ ਕਾਇਮ ਰਹਿਣ ਵਾਲਾ ਰਾਜ "ਨਾਨਕ ਰਾਜ" ਚਲਾਇਆ

ਨਾਨਕਿ ਰਾਜੁ ਚਲਾਇਆ (ਪੰਨਾ ੯੬੬)

ਪਰ ਕਿਹੋ ਜਿਹਾ

ਸਚੁ ਕੋਟ ਸਤਾਣੀ ਨੀਵ ਦੈ

ਭਾਵ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਪੱਕੀ ਨੀਂਹ ਰੱਖ ਕੇ ਕਿਲਾ ਉਸਾਰਿਆ ਅਤੇ ਇਕ ਸੱਚਾ ਰਾਜ ਅਥਵਾ ਧਰਮ ਦਾ ਰਾਜੁ ਚਲਾਇਆ । ਉਹ ਚਾਹੁੰਦੇ ਤਾਂ ਉਸੇ ਸਰੀਰ ਨਾਲ ਹੀ ਸਾਰਾ ਕਲਿਜੁਗ ਭੁਗਤਾ ਦਿੰਦੇ ਪਰ ਮਰਯਾਦਾ ਪਰਸ਼ੋਤਮ ਸਤਿਗੁਰੂ ਜੀ, ਦੁਨਿਆਵੀ ਮਰਯਾਦਾ ਨੂੰ ਮੁਖ ਰਖਦਿਆਂ ਹੋਇਆਂ ਸਰੀਰ ਬਦਲ ਬਦਲ ਕੇ ਹੀ ਇਸ ਤਖਤ ਤੇ ਸੁਭਾਏਮਾਨ ਹੁੰਦੇ ਰਹੇ ਅਥਵਾ ਹੁੰਦੇ ਹਨ । ਇਨ੍ਹਾਂ ਬਦਲੇ ਹੋਏ ਸਰੀਰਾਂ ਵਿਚ ਜੋਤਿ ਵੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਹੈ ਅਤੇ ਜੁਗਤਿ ਮਰਿਆਦਾ ਵੀ ਉਨ੍ਹਾਂ ਵਾਲੀ ਹੈ ।

ਜੋਤਿ ਓਹਾ, ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ ॥ (ਪੰਨਾ ੯੬੬)

ਜਿਸ ਸਰੀਰ ਨੂੰ ਸਤਿਗੁਰੂ ਨਾਨਕ ਦੇਵ ਨੇ ਇਸ ਸੱਚੇ ਤਖਤ ਤੇ ਬੈਠਾਉਣਾ ਹੁੰਦਾ ਹੈ ਅਤੇ ਜਿਸ ਸਰੀਰ ਵਿਚ ਅਪਣੀ ਜੋਤਿ ਰਖਣੀ ਹੁੰਦੀ ਹੈ, ਉਸ ਸਰੀਰ ਦੀ ਪਰਖ ਸਤਿਗੁਰੂ ਜੀ ਆਪ ਹੀ ਅਤੇ ਪਹਿਲਾਂ ਹੀ ਕਰ ਲੈਂਦੇ ਹਨ । ਪਰਖ ਵੇਲੇ ਕਿਸੇ ਦਾ ਲਿਹਾਜ ਨਹੀਂ ਕੀਤਾ ਜਾਂਦਾ, ਉਥੇ ਨ ਰਿਸ਼ਵਤ ਚਲਦੀ ਅਤੇ ਨ ਹੀ ਕੋਈ ਸਫਾਰਸ਼, ਕਿਸੇ ਰਿਸ਼ਤੇਦਾਰੀ ਦੀ ਵੀ ਪਰਵਾਹ ਨਹੀਂ ਕੀਤੀ ਜਾਂਦੀ ਭਾਵੇਂ ਜੇਠਾ ਪੁਤਰ ਹੋਵੇ ਅਤੇ ਭਾਵੇਂ ਜਵਾਈ ਹੋਵੇ

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ

ਜਦੋਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਆਪਣੇ ਅਗੋਂ ਬਦਲਣ ਵਾਲੇ ਸਰੀਰ ਨੂੰ ਇਸ ਤਖ਼ਤ ਤੇ ਬੈਠਾਉਣਾ ਚਾਹੁੰਦੇ ਹਨ ਤਾਂ ਸਤਿਗੁਰੂ ਜੀ ਕਈ ਵੇਰ ਪ੍ਰਗਟ ਰੂਪ ਵਿਚ ਗੁਰ ਗੱਦੀ ਬਖਸ਼ਦੇ ਹਨ ਅਤੇ ਕਈ ਵੇਰ ਗੁਪਤ ਰੂਪ ਵਿਚ ਅਤੇ ਕਈ ਵੇਰ ਸੰਕੇਤਨ ਵੀ ਸਿੱਖਾਂ ਨੂੰ ਸਮਝਾ ਦਿੰਦੇ ਹਨ। ਇਹ ਹਾਜ਼ਰ ਗੁਰੂ ਨਾਨਕ ਅਥਵਾ ਹਾਜ਼ਰ ਗੁਰੂ ਦੀ ਅਪਣੀ ਰਜ਼ਾ ਹੁੰਦੀ ਹੈ। ਹਾਜ਼ਰ ਗੁਰੂ ਜੀ ਮੁਨਾਸਬ ਸਮਾਂ ਵਿਚਾਰ ਕੇ ਮੁਨਾਸਬ ਤਰੀਕੇ ਨਾਲ ਗੁਰਿਆਈ ਬਖਸ਼ਦੇ ਹਨ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਅਗਣਿਤ ਕਉਤਕ ਕਰਕੇ ਬਾਦਸ਼ਾਹਾਂ ਰਾਜਿਆਂ ਅਤੇ ਹਾਕਮਾਂ ਨੂੰ ਜ਼ੁਲਮ ਕਰਨ ਤੋਂ ਹਟਾ ਕੇ ਲੋਕ ਸੇਵਾ ਵਲ ਲਾਇਆ। ਹਿੰਦੂਆਂ ਨੂੰ ਸੱਚੇ ਹਿੰਦੂ ਅਤੇ ਮੁਸਲਮਾਨਾਂ ਨੂੰ ਸੱਚੇ ਮੁਸਲਮਾਨ ਬਨਣ ਦੀ ਸਿਖਿਆ ਦਿੱਤੀ। ਵਡੇ ਵਡੇ ਪੰਡਿਤਾਂ, ਪਾਧਿਆਂ, ਪੀਰਾਂ ਅਤੇ ਫਕੀਰਾਂ ਨੂੰ ਪਖੰਡਾਂ, ਭਰਮਾਂ ਅਤੇ ਵਹਿਮਾਂ ਦੇ ਤਿਆਗਣ ਦਾ ਉਪਦੇਸ਼ ਦਿੱਤਾ। ਰਿੱਧੀਆਂ ਸਿੱਧੀਆਂ ਦੇ ਮਾਲਕ ਜੋਗੀਆਂ ਅਤੇ ਸਿੱਧਾਂ ਦਾ ਮਾਨ ਤੋੜ ਕੇ ਉਨ੍ਹਾਂ ਨੂੰ "**ਰਿਧਿ ਸਿਧਿ ਅਵਰਾ ਸਾਦ**" ਦੱਸ ਕੇ ਮਾਨ ਮਾਇਆ ਦੇ ਤਿਆਗਣ ਦਾ ਉਪਦੇਸ਼ ਦਿੱਤਾ। ਕਾਜ਼ੀਆਂ, ਮੁਲਾਂ ਅਤੇ ਪੀਰਾਂ ਨੂੰ ਜਿਹੜੇ ਜੰਤ੍ਰਾਂ ਮੰਤ੍ਰਾਂ ਅਤੇ ਤਵੀਤਾਂ ਰਾਹੀਂ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ, ਸਿੱਧੇ ਰਾਹ ਪਾਇਆ। ਔਰਤਾਂ ਦੀ ਨਿੰਦਿਆ ਕਰਨ ਵਾਲੇ ਜੋਗੀਆਂ ਨੂੰ

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।**

ਦੱਸ ਕੇ ਆਖਿਆ ਕਿ ਸਮਾਜ ਵਿਚ ਔਰਤ ਦੀ ਲੋੜ ਵੀ ਉਨੀ ਹੀ ਹੈ ਜਿੰਨੀ ਕਿ ਮਰਦ ਦੀ। ਆਪ ਜੀ ਨੇ ਕਿਸੇ ਧਰਮ ਦੀ ਨਿੰਦਿਆ ਨਹੀਂ ਕੀਤੀ। ਆਪ ਜੀ ਦਾ ਸਿਧਾਂਤ ਹੈ ਕਿ ਇਨਸਾਨ ਸਭ ਇਕੋ ਜਹੇ ਹਨ, ਜਿਹੜਾ ਸ਼ੁਭ ਕੰਮ ਕਰਦਾ ਹੈ ਉਹ ਵਡਾ ਹੈ ਨਹੀਂ ਤਾਂ

**ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ ।**

ਆਪ ਜੀ ਦਾ ਸਾਂਝਾ ਉਪਦੇਸ਼ ਇਹ ਹੈ

**ਗੁਰ ਕੀ ਮਤਿ ਤੂੰ ਲੇਹਿ ਇਆਨੇ ॥**
**ਭਗਤਿ ਬਿਨਾ ਬਹੁ ਡੂਬੇ ਸਿਆਨੇ ॥**

ਮੁਨਾਸਬ ਸਮਾਂ ਵਿਚਾਰ ਕੇ, ਇਕ ਦਿਨ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਭਰੇ ਦੀਵਾਨ ਵਿਚ, ਅਪਣੇ ਸਿੰਘਾਸਣ ਤੋਂ ਉਠ ਕੇ ਇਕ ਪਾਸੇ ਹੋ ਗਏ ਅਤੇ ਹੁਕਮ ਕਰਕੇ ਭਾਈ ਲਹਿਣਾ ਜੀ ਨੂੰ ਅਪਣੇ ਸਿੰਘਾਸਣ ਤੇ ਬਿਠਾ ਦਿੱਤਾ, ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਬੁੱਢੇ ਜੀ ਨੇ ਭਾਈ ਲਹਿਣਾ ਜੀ ਨੂੰ

ਗੁਰਿਆਈ ਦਾ ਟਿੱਕਾ ਨਾ ਦਿੱਤਾ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਥਾਲ ਵਿਚ ਪੰਜ ਪੈਸੇ ਅਤੇ ਇਕ ਨਰੇਲ ਰਖ ਕੇ ਭਾਈ ਲਹਿਣਾ ਜੀ ਜੀ ਨੂੰ ਪਹਿਲਾਂ ਆਪ ਮਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮਥਾ ਟੇਕਣ ਦਾ ਹੁਕਮ ਦਿੱਤਾ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

ਤਉ ਕਸੌਟੀ ਲਾਇ ਪਰਖ ਕੰਚਨ ਜਬ ਲੀਓ ।
ਲਾਇਕ ਸਭ ਬਿਧਿ ਪੇਖ ਤਬੈ ਗੁਰਤਾ ਪਦ ਦੀਓ ।
ਲਾਇ ਅੰਗ ਸੋ ਅੰਗ, ਨਾਮ ਤਬ ਅੰਗਦ ਰਖਯੋ
ਜਯੋਂ ਪਾਰਸ ਛੁਹਿ ਲੋਹ ਕਨਕ ਹੁਇ, ਤਯੋ ਇਹੁ ਲਖਿਓ
ਗਾਦੀ ਪਰ ਬੈਠਾਇ ਸ੍ਰੀ ਅੰਗਦ ਕੇ ਤਾਂਈ ।
ਪੈਸੇ ਪਾਂਚ ਨਲੇਰ ਅਗਾਰ ਧਰ, ਮਾਥ ਝੁਕਾਈ ।
ਕਰ ਪ੍ਰਕਰਮਾਂ ਤੀਨ ਤਿਲਕ ਦੈ ਗੁਰਤਾ ਕੇਰਾ
ਕਰਯੋ ਆਪ ਸਮ, ਦੀਪ ਦੀਪ ਸੋ ਜੈਸ ਉਜੇਰਾ

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਲਿਖਿਆ ਹੈ :-

ਲਹਣੇ ਧਰਿਓਨੁ ਛਤ੍ਰੁ ਸਿਰਿ, ਅਸਮਾਨਿ ਕਿਆੜਾ ਛਿਕਿਓਨੁ ।
ਜੋਤਿ ਸਮਾਣੀ ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ ।



ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਸ੍ਰੀ ਸਤਿਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਬਖਸ਼ ਕੇ ਬਚਨ ਕੀਤਾ :-

ਪੁਰਖਾ ! ਤੁਝ ਮੰਨੇਗਾ, ਸੋ ਮੁਝੇ ਮੰਨੇਗਾ... ਤੂੰ ਮੈਂ, ਮੈਂ ਤੂੰ
ਤੁਮ ਹਮ ਕਉ ਭਿੰਨ ਜਾਨੇਗਾ ਸੋ ਗੁਰ ਤੇ ਬਿਛੜਿਆ ਰਹੇਗਾ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਉਚਾਰੇ ਹੋਏ ਇਨ੍ਹਾਂ ਬਚਨਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਅੰਗਦ ਦੇਵ ਜੀ

**"ਏਕ ਜੋਤ ਦੁਇ ਮੂਰਤੀ"** ਸਨ

ਸ੍ਰੀ ਜਸਵਿੰਦਰ ਸਿੰਘ ਜੀ ਲਿਖਦੇ ਹਨ :-

ਇਹ ਅਮਰ ਜੋਤ ਹੈ
ਸਦਾ ਚਲਦੀ ਹੈ, ਨਾਨਕ ਤੋਂ ਅੰਗਦ ਵਾਂਗ
ਜੋਤ ਬਦਲਦੀ ਹੈ, ਜੋਤ ਘਟਦੀ ਨਹੀਂ।

ਇਸੇ ਤਰ੍ਹਾਂ ਇਹ ਜੋਤਿ ਸਰੀਰ ਬਦਲ ਬਦਲ ਕੇ ਅਠਵੀਂ ਪਾਤਿਸ਼ਾਹੀ, ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਵਿਚ ਸਮਾ ਗਈ। ਪ੍ਰੋ: ਕਿਰਪਾਲ ਸਿੰਘ ਕਸੇਲ ਜੀ ਲਿਖਦੇ ਹਨ :-

ਨਾਨਕ, ਅੰਗਦ, ਅਮਰਦਾਸ, ਰਾਮਦਾਸ, ਅਰਜਨ ਹੋਇ ਆਇਓ
ਹਰ ਗੋਬਿੰਦ ਹਰਿ ਰਾਇ ਹੋ, ਹਰਿ ਕ੍ਰਿਸ਼ਨ ਵਿਚ ਜੋਤ ਜਗਾਇਓ।

ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਨੂੰ ਭਾਵੇਂ ਬਾਲ ਗੁਰ ਕਿਹਾ ਜਾਂਦਾ ਹੈ ਪਰ ਉਨ੍ਹਾਂ ਵਿਚ ਜੋਤਿ ਵੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਸੀ ਅਤੇ ਜੁਗਤਿ ਮਰਯਾਦਾ ਵੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਸੀ। ਛਤ੍ਰ ਭੀ ਉਸੇ ਤਰ੍ਹਾਂ ਝੂਲਦਾ ਸੀ। ਇਹੀ ਕਾਰਨ ਸੀ ਕਿ ਆਪ ਜੀ ਨਾ ਤਾਂ ਬਾਬਾ ਧੀਰ ਮੱਲ ਕੋਲੋਂ ਡਰਦੇ "ਅਤੇ ਨਾ ਹੀ ਬਾਬਾ ਰਾਮ ਰਾਇ ਜੀ ਕੋਲੋਂ ਅਤੇ ਨਾ ਹੀ ਬਾਦਸ਼ਾਹ ਔਰੰਗਜ਼ੇਬ ਕੋਲੋਂ"। ਔਰੰਗਜ਼ੇਬ ਨੇ ਬੜਾ ਜਤਨ ਕੀਤਾ ਸੀ ਕਿ ਸਤਿਗੁਰੂ ਜੀ ਦੇ ਦਰਸ਼ਨ ਹੋ ਜਾਣ, ਪਰ ਸਤਿਗੁਰੂ ਜੀ ਨੇ ਅਪਣੇ ਪ੍ਰਣ ਅਨੁਸਾਰ ਉਸ ਨੂੰ ਦਰਸ਼ਨ ਨਹੀਂ ਸਨ ਦਿੱਤੇ। ਸਰੀਰ ਤਿਆਗਣ ਤੋਂ ਪਹਿਲਾਂ ਆਪ ਜੀ ਨੇ ਇਕ ਅਨੋਖੇ ਤਰੀਕੇ ਨਾਲ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਬਖਸ਼ੀ ਸੀ। ਆਪ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਨਹੀਂ ਸੀ ਦੱਸਿਆ, ਆਪ ਜੀ ਨੇ ਸਿਰਫ਼ ਇੰਨਾ ਹੀ ਕਿਹਾ ਸੀ ਕਿ

ਬਾਬਾ ਬਸੇ ਜਿ ਗ੍ਰਾਮ ਬਕਾਲੇ।
ਬਨ ਗੁਰ, ਸੰਗਤ ਸਕਲ ਸਮ੍ਹਾਲੇ।

Sri Satguru Jagjit Singh Ji Elibrary NamdhariElibrary@gmail.com

ਆਪਣੇ ਉੱਤ੍ਰਾਧਿਕਾਰੀ ਦਾ ਨਾਮ ਨ ਦੱਸਣ ਦਾ ਅਸਲੀ ਕਾਰਨ ਤਾਂ ਸਤਿਗੁਰੂ ਜੀ ਆਪ ਹੀ ਜਾਣਦੇ ਹੋਣਗੇ ਪਰ ਖਿਆਲ ਹੈ ਕਿ ਸਤਿਗੁਰੂ ਜੀ ਨੇ ਸੋਚਿਆ ਹੋਵੇਗਾ ਕਿ ਜਿਸ ਸਰੀਰ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਜੋਤਿ ਸਮਾਏਗੀ ਉਹ ਆਪੇ ਹੀ ਕਿਸੇ ਤਰ੍ਹਾਂ ਪਰਗਟ ਹੋ ਜਾਏਗਾ ।

(ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ ਸਾਖੀ)

ਜਿਸ ਵਕਤ ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਨੇ "ਬਾਬਾ ਬਸਹਿ ਜਿ ਗ੍ਰਾਮ ਬਕਾਲੇ" ਵਾਲੇ ਸ਼ਬਦ ਉਚਾਰੇ ਸਨ, ਉਸੇ ਵਕਤ ਤਤਛਿਨ ਹੀ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਜੋਤਿ, ਬਕਾਲੇ ਨਗਰ ਵਿਚ ਸਮਾਧੀ ਇਸਥਿਤ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਵਿਚ ਪ੍ਰਵੇਸ਼ ਕਰ ਗਈ ਸੀ । ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਹਾਲਾਂ ਗੁਪਤ ਬੈਠੇ ਹੀ ਜਗਤ ਤਮਾਸ਼ਾ ਵੇਖ ਰਹੇ ਸਨ । ਸਤਿਗੁਰੂ ਜੀ ਦੇ ਪ੍ਰਗਟ ਰੂਪ ਵਿਚ ਦਰਸ਼ਨ ਨ ਦੇਣ ਕਰਕੇ ਗੁਰੂ ਵੰਸੀਆਂ ਵਿਚੋਂ ੨੨ ਸਰੀਰਾਂ ਨੇ ਆਪੋ ਆਪਣੀਆਂ ਮੰਜੀਆਂ ਡਾਹ ਲਈਆਂ ਭਾਵ ਆਪੂੰ ਹੀ ਗੁਰੂ ਬਣ ਬੈਠੇ । ਸੰਗਤ ਨੂੰ ਆਪੋ ਆਪਣੇ ਵਲ ਲਿਆਉਣ ਲਈ ਅਥਵਾ ਆਪਣਾ ਆਪਣਾ ਪਰਚਾਰ ਕਰਵਾਉਣ ਲਈ, ਇਨ੍ਹਾਂ ਆਪੂੰ ਬਣੇ ਗੁਰੂਆਂ ਨੇ ਆਪੋ ਆਪਣੇ ਮਸੰਦ ਵੀ ਰੱਖ ਲੈ ਸਨ । ਇਹ ਮਸੰਦ ਇਕ ਕਿਸਮ ਦੇ ਦਲਾਲ (Agents) ਸਨ ਇਨ੍ਹਾਂ ਬਨਾਵਟੀ ਗੁਰੂਆਂ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :—

ਇਕ ਤੇ ਇਕ ਅਧਕ ਦੈ ਬਾਢੀ, ਖਾਤਰ ਕਰਨ ਮਸੰਦਨ ਗਾਢੀ,
ਹਿਰਸੀ ਲੋਭੀ ਕਪਟੀ ਦੰਭੀ, ਗੁਰ ਬਣਨ ਹਿਤ ਚਹਿਤ ਬਿਡੰਬੀ,

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਤਖਤ ਦੇ ਅਸਲੀ "ਜਾਨਸ਼ੀਨ ਦਾ ਪਤਾ ਨ ਲਗਣ ਕਰਕੇ ਸੰਗਤ ਭੰਬਲ ਭੂਸੇ ਵਿਚ ਪਈ ਹੋਈ ਸੀ । ਸੰਗਤ ਇਨ੍ਹਾਂ ਬਨਾਵਟੀ ਗੁਰੂਆਂ ਕੋਲ ਜਾਂਦੀ ਤਾਂ ਸੀ, ਪਰ

"ਅੰਧੇ ਗੁਰ ਤੇ ਭਰਮੁ ਨ ਜਾਈ" ਅਨੁਸਾਰ

ਗੁਰੂ ਭਾਵਨਾ ਕਿਸੇ ਤੇ ਵੀ ਨਹੀਂ ਸੀ ਬਝਦੀ ।

ਅੰਤ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ"

ਅਨੁਸਾਰ ਕੂੜ ਦੇ ਪਾਜ ਉਘੇੜਨ ਲਈ ਅਤੇ ਸਚਾਈ ਪਰਗਟ ਕਰਨ ਲਈ ਸ੍ਰੀ ਅਕਾਲ ਪੁਰਖ ਜੀ ਵਲੋਂ ਮਖਣ ਸ਼ਾਹ ਲੁਬਾਣੇ ਦੇ ਸਮੁੰਦਰੀ ਜਹਾਜ ਦਾ ਸਮੁੰਦਰ ਵਿਚ ਅਟਕ ਜਾਣ ਵਾਲਾ ਕੌਤਕ ਹੋਇਆ । ਮਖਣ ਸ਼ਾਹ ਦੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਤਖਤ ਦੇ ਹਾਜਰ ਗੁਰੂ ਜੀ ਦੀ ੫੦੦ ਮੁਹਰਾਂ ਸੁਖਣਾ ਸੁਖਕੇ ਅਰਦਾਸ ਕਰਨ ਤੇ ਜਦੋਂ ਜਹਾਜ ਚਲ ਪਿਆ ਅਤੇ ਸਹੀ ਸਲਾਮਤ ਕਿਨਾਰੇ ਲਗ ਗਿਆ ਤਾਂ ਅਪਣੀ ਸੁਖਣਾ ਉਤਾਰਨ ਵਾਸਤੇ ਮਖਣ ਸ਼ਾਹ ਪੁੱਛਦਾ ਪੁੱਛਦਾ ਬਕਾਲੇ ਪਹੁੰਚ ਗਿਆ । ਉੱਥੇ ਬਕਾਲੇ ਵਿਚ ਉਸਨੇ ੨੨ ਮੰਜੀਆਂ ਦਾ ਜਾਲ ਵਿਛਿਆ ਹੋਇਆ ਵੇਖਿਆ । ਬੜਾ ਹੈਰਾਨ ਹੋਇਆ । ਬੜਾ ਚਿਰ ਸੋਚਦਾ ਰਿਹਾ, ਅਖੀਰ ਮਜਬੂਰ ਹੋ ਕੇ ਉਸਨੇ ਸਾਰਿਆਂ ਬਨਾਵਟੀ ਗੁਰੂਆਂ ਅਗੇ ਦੋ ਦੋ ਜਾਂ ਪੰਜ ਪੰਜ ਮੁਹਰਾਂ ਰਖਕੇ ਗੁਪਤ ਰੀਤੀ ਨਾਲ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਦੀ ਪਰੀਖਿਆ ਕੀਤੀ ਪਰ ਕਿਸੇ ਵੀ ਬਨਾਵਟੀ ਗੁਰੂ ਨੇ ਉਸ ਦੀ
ਭਾਵਨਾ ਪੂਰੀ ਨ ਕੀਤੀ। ਬੜਾ ਉਦਾਸ ਹੋਇਆ ਅਤੇ ਕਿਸੇ ਹੋਰ ਗੁਰਵੰਸੀ ਦੀ
ਭਾਲ ਕਰਨ ਲਗਾ। ਅਖੀਰ ਕਿਸੇ ਨਗਰ ਨਿਵਾਸੀ ਦੇ ਦੱਸਣ ਤੇ ਜਦੋਂ ਸ੍ਰੀ ਸਤਿਗੁਰੂ
ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਤਾਂ ਜਿੱਥੇ

**ਛਾਤੀ ਸੀਤਲ ਮਨੁ ਸੁਖੀ**

ਹੋਏ ਉੱਥੇ ਉਸਦੀ ਗੁਪਤ ਭਾਵਨਾ ਵੀ ਪੂਰੀ ਹੋ ਗਈ ਭਾਵ ਸ੍ਰੀ ਸਤਿਗੁਰੂ ਜੀ ਨੇ
ਆਪੇ ਹੀ ਅਪਣੀ ਅਮਾਨਤ (ਸੁਖਣਾ) ਮੰਗਦਿਆ ਕਹਿਆ :-

ਗੁਰਘਰ ਕੀਜੋ ਅਹੈ ਉਪਾਇਨ (ਭੇਟ), ਸੋ ਦੀਜਹਿ ਨਹਿ ਰਾਖਹੁ ਆਇਨ
ਸਾਗਰ ਮਧੇ ਜਹਾਜ਼ ਲੰਘਾਵਨਿ, ਤਹਿ ਜੋ ਕੀਨ ਸੰਕਲਪ ਉਠਾਵਨ
(ਸੂਰਜ ਪ੍ਰਕਾਸ਼)

ਅਥਵਾ

ਮੁਖ ਤੇ ਬੋਲਿਆ ਸਤਿਗੁਰ ਨਾਵਾਂ।
ਦੇਖ ਸਿੱਖਾ ਮੇਰਾ ਮੋਢਾ ਘਾਵਾਂ।
ਧੱਕਾ ਦੇ ਕੇ ਤੇਰਾ ਜਹਾਜ ਚਲਾਇਆ।
ਪੰਜ ਮੁਹਰਾਂ ਹੁਣ ਤੂੰ ਲੈ ਕੇ ਆਇਆ।

ਇਹ ਸੁਣਦਿਆਂ ਸਾਰ
ਮੱਖਣ ਸ਼ਾਹ ਨੇ ਦਿਲ ਵਿਚ ਨਿਸਚਾ ਕਰ ਲਿਆ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ
ਜੋਤਿ ਤਾਂ ਇਨ੍ਹਾਂ ਵਿਚ ਸਮਾਈ ਹੋਈ ਹੈ। ਇਹੀ ਸ੍ਰੀ ਗੁਰੂ ਨਾਨਕ ਦੇਵ ਜੀ ਹਨ
ਇਹ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ

ਫਿਰ ਕੀ ਸੀ ?
ਕਪੜਾ ਫੜ ਕੇ, ਕੋਠੇ ਉੱਤੇ ਚੜ੍ਹ ਕੇ, ਪੱਲੂ ਫੇਰ ਕੇ ਦੁਹਾਈ ਦਿੱਤੀ

( ਭੁਲੀਏ ਸੰਗਤੇ ਗੁਰੂ ਲਾਧੋ ਰੇ )

ਇਥੇ ਤਾਂ ਕਿਧਰੇ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਕਿ ਸ੍ਰੀ ਸਤਿਗੁਰੂ ਨਾਨਕ ਦੇਵ
ਜੀ ਅਤੇ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਵਿਚ ਇਕੋ ਜੋਤਿ ਸੀ

ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨੂੰ ਕਿਹਾ ਸੀ ਕਿ **ਯਾਰਵਾਂ ਗੁਪਤ ਵਰਤੇਗਾ** ਅਤੇ ਗੁਰੰਫ ਨਾਮੇ ਵਿਚ ਵੀ ਲਿਖਿਆ ਹੋਇਆ ਹੈ ਕਿ

## "ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ"

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਭਵਿਸ਼ ਬਾਣੀ ਅਨੁਸਾਰ ਸ੍ਰੀ ਸਤਿਗੁਰੂ ਨਾਨਕ ਦੇਵ ਦੇ ਤਖਤ ਦੇ ਗਿਆਰਵੇਂ ਜਾਨਸ਼ੀਨ ਨੇ ਗੁਪਤ ਹੀ ਰਹਿਣਾ ਸੀ । ਗਿਆਰਵੇਂ ਜਾਮੇ ਦੇ ਗੁਪਤ ਰਹਿਣ ਵਾਸਤੇ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਗੁਰ ਗੱਦੀ ਵੀ ਗੁਪਤ ਮਿਲਦੀ ਅਤੇ ਗੁਰਗੱਦੀ ਗੁਪਤ ਤਾਂ ਹੀ ਮਿਲ ਸਕਦੀ ਸੀ ਜੇ ਗੁਰਗੱਦੀ ਦੇਣ ਵਾਲਾ ਆਪ ਵੀ ਗੁਪਤ ਵਿਚਰ ਰਿਹਾ ਹੋਵੇ । ਸੋ ਜਿਸਤਰ੍ਹਾਂ ਲਿਖਿਆ ਹੋਇਆ ਸੀ ਉਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪ ਗੁਪਤ ਰਹਿ ਕੇ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਗੁਪਤ ਰਹਿਣ ਵਾਸਤੇ, ਗੁਪਤ ਥਾਂ ਤੇ ਜਾ ਕੇ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਪਤ ਤਰੀਕੇ ਨਾਲ ਗੁਰ ਗੱਦੀ ਬਖਸ਼ੀ ਸੀ ।

ਭਵਿਸ਼ ਬਾਣੀ ਅਨੁਸਾਰ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਬਹੁਤ ਗੁਪਤ ਹੀ ਰਹੇ ਸਨ ਪਰ ਗੁਪਤ ਰਹਿਣ ਦਾ ਭਾਵ ਇਹ ਨਹੀਂ ਕਿ ਉਹ ਗੁਰੂ ਨਹੀਂ ਹੋਏ

## ਗੋਇ ਰਾਖੀ ਘਟ ਦੀਪ ਜਿਨ ਨਿਜ ਅਜਮਤ { ਗਿਆਨੀ ਗਿਆਨ ਸਿੰਘ ਜੀ

ਭਾਵ ਇਹ ਹੈ ਕਿ ਜਿਸਤਰ੍ਹਾਂ ਇਕ ਜਗਦਾ ਦੀਵਾ ਕਿਸੇ ਘੜੇ ਵਿਚ ਰਖਿਆ ਜਾਏ ਉਹ ਦੂਰੋਂ ਵਿਖਾਈ ਨਹੀਂ ਦਿੰਦਾ ਪਰ ਜਦੋਂ ਘੜੇ ਦੇ ਨੇੜੇ ਹੋ ਕੇ ਵੇਖੀਏ ਤਾਂ ਦਿੱਸ ਪੈਂਦਾ ਹੈ ਭਾਵ ਜਿਨ੍ਹਾਂ ਤੇ ਕਿਰਪਾ ਹੋਈ, ਭਾਈ ਬੰਕਾ ਜੀ ਅਤੇ ਮਾਈ ਸੱਜਦਾਨੀ ਵਰਗਿਆਂ ਨੇ ਸੰਗਤ ਦੇ ਭਲੇ ਲਈ ਦੁਹਾਈ ਦਿੱਤੀ । ਮਾਈ ਸੱਜਦਾਨੀ ਦੀ ਦੁਹਾਈ ਕੁਝ ਇਸਤਰ੍ਹਾਂ ਦੀ ਸੀ "ਵੇ ਲੋਕੋ, ਮੈਂ ਦਰਗਾਹ ਵਿਚੋਂ ਸੁਣ ਕੇ ਆਈ ਹਾਂ ਕਿ ਗੁਰੂ ਬਾਲਕ ਸਿੰਘ ਜੀ ਇਸ ਸਮੇਂ ਦੇ ਪੂਰਨ ਗੁਰੂ ਹਨ ਪੀਰਾਂ ਸਿਰ ਪੀਰ ਹਨ । ਗੁਰਿਆਈ ਦਾ ਤਿਲਕ ਤਾਂ ਇਨ੍ਹਾਂ ਨੂੰ ਦਰਗਾਹੋਂ ਹੀ ਪ੍ਰਾਪਤ ਹੋਇਆ ਹੈ ।

ਪ੍ਰਸਿੱਧ ਇਤਿਹਾਸਕਾਰ 'ਗਿਆਨੀ ਗਿਆਨ ਸਿੰਘ ਜੀ ਇਸਤਰ੍ਹਾਂ ਲਿਖਦੇ ਹਨ

ਨਾਮ ਸਿੰਘ ਬਾਲਕ, ਪੈ ਪਾਲਕ ਪੈਗੰਬਰੋਂ ਕੇ
ਅੰਬਰੋਂ ਕੇ ਮਾਲਕ, ਅਡੰਬਰੋਂ ਕੇ ਤਜਾਗੀ ਹੈਂ

ਤਾਲਕ ਰਖੈ ਹੈ ਟੇਕ ਖਾਲਕ ਸੈਂ ਸਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ

ਭਾਵ ਇਹ ਹੈ ਕਿ ਸਤਿਗੁਰੂ ਬਾਲਕ ਸਿੰਘ ਜੀ ਖੁਦ ਪੈਗੰਬਰਾਂ ਦੇ ਪਾਲਕ ਅਤੇ ਖੰਡਾਂ ਬ੍ਰਹਮੰਡਾਂ ਦੇ ਮਾਲਕ ਸਨ (ਹਨ)

ਬਾਬਾ ਬੈਂਕਾ ਜੀ, ਹਜ਼ਰੋ ਤੋਂ ਥੋੜੀ ਦੂਰ ਇਕ ਪਿੰਡ ਮਲਾਹ ਦੇ ਰਹਿਣ ਵਾਲੇ ਸਨ ਪਹਿਲਾਂ ਤਾਂ

ਜਬ ਲਉ ਨਹੀ ਭਾਗ ਲਿਲਾਰ ਉਦੈ
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ।

ਵਾਲੇ ਹੀ ਸਨ ਪਰ ਜਦੋਂ ਭਾਗ ਜਾਗੇ ਤਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੱਸ ਸੁਣ ਕੇ ਹਜ਼ਰੋ ਆ ਕੇ ਸਤਿਗੁਰੂ ਜੀ ਕੋਲੋਂ ਨਾਮ ਦੀ ਦਾਤ ਪ੍ਰਾਪਤ ਕੀਤੀ

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰ ਦੀਓ ਗੁਰ ਕਾਨ

ਅਨੁਸਾਰ ਭਜਨ ਲੈਂਦਿਆਂ ਸਾਰ ਮਸਤਾਨੇ ਹੋ ਗਏ ਅਤੇ ਮਸਤੀ ਵਿਚ ਲਬ-ਲਬ ਲਬਾ-ਲਬ ਦਾ ਬੋਲਾ ਕਰਨ ਲਗ ਪਏ । ਨਾਮ ਦਾ ਰੰਗ ਐਸਾ ਚੜ੍ਹਿਆ ਕਿ ਆਪ ਜੀ ਮਸਤੀ ਦੀ ਹਾਲਤ ਵਿਚ ਕਈ ਵੇਰ ਤਿੰਨ ਆਸਣ ਵਿਛਾ ਕੇ ਕਿਹਾ ਕਰਦੇ ਸਨ

ਆਓ ਬਾਬਾ ਬਾਲਕ ਸਿੰਘ ਜੀ ਬੈਠੋ ।
ਆਓ ਬਾਬਾ ਰਾਮ ਸਿੰਘ ਜੀ ਬੈਠੋ ।
ਆਓ ਬਾਬਾ ਬੁਧ ਸਿੰਘ ਜੀ ਬੈਠੋ ।

ਸਾਧਾਰਨ ਬੁੱਧੀ ਵਾਲੇ ਪੁਰਖ ਤਾਂ ਬਾਬਾ ਜੀ ਦੇ ਇਨ੍ਹਾਂ ਬਚਨਾਂ ਨੂੰ ਤੰਰਗ ਦੇ ਤਰੰਗ ਹੀ ਸਮਝਦੇ ਸਨ ਪਰ ਅਸਲ ਵਿਚ ਬਾਬਾ ਜੀ, ਸਤਿਗੁਰੂ ਬਾਲਕ ਸਿੰਘ ਜੀ, ਅਤੇ ਉਨ੍ਹਾਂ ਦੇ ਪਿਛੋਂ ਹੋਣ ਵਾਲੇ ਦੁਹਾਂ ਗੁਰੂਆਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ (ਭਾਈ ਬੁਧ ਸਿੰਘ ਜੀ) ਦੀ ਪੇਸ਼ੀਨਗੋਈ ਕਰਦੇ ਸਨ ਜੋ ਕੁਝ ਸਮਾ ਪਾ ਕੇ ਬਿਲਕੁਲ ਠੀਕ ਹੀ ਹੋਈ ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਭਾਈ ਅਜਿੱਤੇ ਰੰਧਾਵੇ ਨੂੰ ਆਪਣੇ ਬਾਰ੍ਹਵੇਂ ਜਾਮੇ ਅਰਥਾਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਕਹਿਆ ਸੀ ਕਿ

**ਨਿਰਲੇਪ ਅਲੇਪ ਬਿਬਰਜਤ ਸੂਨੀ ਕਾ ਅਸਵਾਰ**
**ਜੈ ਜੈ ਕਾਰ ਸਦਾ ਜਗ ਜਾਪੈ ਚੜ੍ਹ ਬੋਹਿਥ ਉਤਰੈ ਪਾਰ**

ਭਾਵ ਬਾਰ੍ਹਵਾਂ ਜਾਮਾ ਸਭ ਤੇ ਨਿਆਰਾ ਹੋਵੇਗਾ, ਉਹ ਆਪਣੇ ਆਪ ਨੂੰ ਜਣਾਏਗਾ ਨਹੀਂ ਨਿਰਲੇਪ ਹੀ ਰਹੇਗਾ ਅਤੇ ਸੂਨੀ ਸਬਦ ਉਚਰੇਗਾ, ਉਨ੍ਹਾਂ ਦੀ ਸਾਰੇ ਸੰਸਾਰ ਵਿਚ ਜੈ ਜੈ ਕਾਰ ਹੋਵੇਗੀ, ਜੋ ਵੀ ਸਿੱਖ ਤੁੱਟਾ ਭੱਜਾ ਹੋਵੇਗਾ, ਬੋਹਿਥ ਤੇ ਚੜ੍ਹ ਕੇ ਪਾਰ ਉਤਰ ਜਾਏਗਾ। ਬਾਰਵੇਂ ਗੁਰੂ ਦਾ ਜੋ ਦਰਸ਼ਨ ਕਰੇਗਾ, ਨਿਹਾਲ ਹੋ ਜਾਏਗਾ

ਦੁਆਦਸ
ਪੁਰਖ
ਹੈ
ਆਦਿ ਸੇ
ਸਭਹਨ
ਕੇ
ਸਿਰਮੌਰ



ਸਕਤਿ
ਅਨੰਤੀ
ਆਦਿ
ਹੈ
ਆਦਿ ਇਹੈ
ਨਹੀਂ
ਔਰ

**ਜਾਹੀ ਕੁਲ ਤੇ ਪ੍ਰਗਟ ਹੋਇ ਤਾਂਹੀ ਕੁਲ ਕੋ ਨਾਮ**
**ਸ੍ਰੀ ਦੁਆਦਸ ਗੋਬਿੰਦ ਕੋ ਮੇਰੀ ਹੈ ਪਰਨਾਮ**

Sri Satguru Jagjit Singh Ji Elibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :- NO. 14

DATE

ਮੈਂ ਪੈ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ,
ਮੇਰੋ ਅਵਤਾਰ-ਅੰਸ਼ ਰਾਮ ਸਿੰਘ ਹਵੈ ਭਰੇ ।

ਜਦੋਂ ਦਸਮ ਪਾਤਸ਼ਾਹ ਜੀ ਆਪ ਇਹ ਕਹਿ ਰਹੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਮੇਰਾ ਹੀ ਅਵਤਾਰ ਹੋਣਗੇ ਤਾਂ ਫਿਰ ਇਸ ਵਿਚ ਸ਼ਕ ਹੀ ਨਹੀਂ ਰਹਿ ਜਾਂਦਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਹੀ ਜੋਤਿ ਹੈ

( ਇਕ ਸਾਖੀ )

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਰਚਾਰ ਦੌਰੇ ਸ਼ੁਰੂ ਕੀਤੇ ਤਾਂ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇਸਧਾਰੀ,
ਸਿੰਘ ਪੰਥ ਬਿਰਧਾਇਓ, ਨਾਮ ਰਸ ਪਾਗਿਓ ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਜਾਰੀ,
ਠੱਗੀ, ਤਜਿ ਥੀਏ ਸੰਤ, ਸਤਿਜੁਗ ਆ ਗਿਓ ।

ਅਥਵਾ

ਰਾਮ ਸਿੰਘ ਜਾਇ ਜਿਤ ਸਿੱਖ ਹ੍ਵੈ ਹਜ਼ਾਰੋਂ ਤਿਤ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਐਸੇ ਚਮਤਕਾਰੀ ਹਨ ਕਿ ਜਿਹੜਾ ਵੀ ਆਪ ਜੀ ਦੇ ਦਰਸ਼ਨ ਕਰਦਾ ਹੈ ਅਤੇ ਆਪ ਜੀ ਦਾ ਉਪਦੇਸ਼ ਸੁਣਦਾ ਹੈ, ਉਹ ਹੀ ਸਿੱਖ ਸੱਜ ਜਾਂਦਾ ਹੈ । ਕਦੀ ਕਦੀ ਕੋਈ ਅਜ਼ਮਾਇਸ਼ ਕਰਨ ਵਾਲਾ ਵੀ ਆ ਜਾਂਦਾ ਹੈ । ਜਦੋਂ ਉਹ ਆਪਣੀ ਅਜ਼ਮਾਇਸ਼ ਪੂਰੀ ਹੁੰਦੀ ਵੇਖਦਾ ਤਾਂ ਸਿਖ ਸੱਜ ਜਾਂਦਾ ਹੈ

ਸਤਿਗੁਰੂ ਜੀ ਕਿਸੇ ਬੰਧਾਨ ਦੇ ਬੱਧੇ ਨਹੀਂ ਹੁੰਦੇ । ਇਹ ਉਨ੍ਹਾਂ ਦੀ ਰਜ਼ਾ ਹੈ ਕਿ ਭਾਵੇਂ ਘਰ ਬੈਠਿਆਂ ਹੀ ਕਿਰਪਾ ਕਰ ਦੇਣ ਭਾਵੇਂ ਅਠਾਹਠ (68) ਤੀਰਥਾਂ ਤੇ ਇਸ਼ਨਾਨ ਕਰਨ ਤੇ ਵੀ ਕਿਰਪਾ ਨ ਕਰਨ

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ।
ਇਕ ਜਾਗੰਦੇ ਨ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ।

ਇਕ ਰਾਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਾਬੇ ਭਗਵਾਨ ਸਿੰਘ ਜੀ ਫਲੌਂਕੇ ਵਾਲਿਆਂ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਭਜਨ ਦੀ ਦਾਤ ਬਖਸ਼ੀ ਸੀ । ਇਸ ਤੋਂ ਕੁਝ ਚਿਰ ਪਿਛੋਂ ਦੌਰਾ ਕਰਦਿਆਂ ਕਰਦਿਆਂ ਜਦੋਂ ਸਤਿਗੁਰੂ ਜੀ ਨੇ ਕਿਲ੍ਹੇ

ਸਿੰਘ ਚਰਨ ਪਾਏ ਤਾਂ ਸਤਿਗੁਰੂ ਜੀ ਦਾ ਜੱਸ ਸੁਣ ਕੇ
ਬਾਬਾ ਭਗਵਾਨ ਸਿੰਘ ਜੀ ਵੀ ਦਰਸ਼ਨ ਕਰਨ ਵਾਸਤੇ ਆਏ। ਹੋਰ ਬੜੀ ਸੰਗਤ ਦਰਸ਼ਨ ਕਰਨ ਵਾਸਤੇ ਆਈ ਹੋਈ ਸੀ। ਇੱਥੇ ਸ੍ਰੀ ਸਤਿਗੁਰੂ ਜੀ ਇਕ ਚੁਬਾਰੇ ਵਿਚ ਸੁਭਾਇਮਾਨ ਸਨ। ਸਿੱਖ ਵਾਰੀ ਵਾਰੀ ਦਰਸ਼ਨ ਕਰਨ ਵਾਸਤੇ ਚੁਬਾਰੇ ਤੇ ਜਾਂਦੇ ਅਤੇ ਦਰਸ਼ਨ ਕਰ ਕੇ ਥੱਲੇ ਉਤਰ ਆਉਂਦੇ। ਬਾਬੇ ਭਗਵਾਨ ਸਿੰਘ ਜੀ ਘਰੋਂ ਤਾਂ ਦਰਸ਼ਨ ਕਰਨ ਵਾਸਤੇ ਆਏ ਸਨ ਪਰ ਹੁਣ ਦਿਲ ਵਿਚ ਇਹ ਧਾਰਨਾ ਧਾਰੀ ਕਿ ਜੇ ਇਹ ਸੱਚੇ ਗੁਰੂ ਹਨ ਤਾਂ ਮੈਨੂੰ ਆਪ ਮੇਰਾ ਨਾਮ ਲੈ ਕੇ ਬੁਲਾਉਣਗੇ। ਸਾਰੀ ਸੰਗਤ ਦਰਸ਼ਨ ਕਰਨ ਚੁਬਾਰੇ ਜਾਂਦੀ ਸੀ ਪਰ ਬਾਬਾ ਜੀ ਥੱਲੇ ਹੀ ਬੈਠੇ ਰਹੇ। ਪਤਾ ਨਹੀਂ ਕਿ ਕੀ ਗਿਣਤੀਆਂ ਗਿਣਦੇ ਸਨ ਕਿ ਇਕ ਉੱਚੀ ਆਵਾਜ਼ ਨੇ ਬਾਬਾ ਜੀ ਨੂੰ ਚੁਕੰਨਿਆ ਕਰ ਦਿੱਤਾ। ਇਹ ਆਵਾਜ਼ ਸਤਿਗੁਰੂ ਜੀ ਦੇ ਰੋਬਦਾਰ ਦੀ ਸੀ। ਰੋਬਦਾਰ, ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੋਕਾ ਦੇ ਰਿਹਾ ਸੀ ਕਿ ਫਿਲੋਕਿਆਂ ਦਾ ਭਗਵਾਨ ਸਿੰਘ ਕਿਹੜਾ ਹੈ? ਬਾਬਾ ਜੀ ਇਹ ਆਵਾਜ਼ ਸੁਣ ਕੇ ਬੜੇ ਖੁਸ਼ ਹੋਏ ਅਤੇ ਕਿਹਾ ਜੀ ਭਗਵਾਨ ਸਿੰਘ ਮੈਂ ਹਾਂ। ਰੋਬਦਾਰ ਨੇ ਕਿਹਾ "ਭਾਈ, ਤੇਰੇ ਵਡੇ ਭਾਗ ਹਨ, ਤੈਨੂੰ ਸੱਚੇ ਪਾਤਿਸਾਹ ਜੀ ਨੇ ਯਾਦ ਕੀਤਾ ਹੈ" ਆਵਾਜ਼ ਸੁਣਦਿਆਂ ਸਾਰ ਬਾਬਾ ਜੀ ਬੜੇ ਖੁਸ਼ ਹੋਏ ਅਤੇ ਚੁਬਾਰੇ ਚੜ੍ਹ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ।

ਤੁਸੀਂ ਆਪ ਹੀ ਵੀਚਾਰ ਲਓ ਕਿ ਬਾਬਾ ਜੀ ਉਸ ਵਕਤ ਕਿੰਨੇ ਕੁ ਖੁਸ਼ ਹੋਏ ਹੋਣਗੇ। ਆਪ ਜੀ ਦੀ ਸ਼ਰਧਾ ਬਹੁਤ ਵਧ ਗਈ ਅਤੇ ਪੱਕੇ ਨਾਮਧਾਰੀ ਬਣ ਗਏ। ਸੇਠ ਪਿਆਰਾ ਸਿੰਘ ਜੀ, ਸੇਠ ਸ਼ਮਸ਼ੇਰ ਸਿੰਘ ਜੀ, ਸੇਠ ਬਚਿਤ੍ਰ ਸਿੰਘ ਜੀ ਸਾਰੇ ਉਨ੍ਹਾਂ ਬਾਬਾ ਜੀ ਦੇ ਪਰਵਾਰ ਵਿਚੋਂ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਅਨੇਕ ਹੀ ਸਾਖੀਆਂ ਹਨ ਜਿਨ੍ਹਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਪੂਰੇ ਗੁਰੂ ਹੋਣ ਦੀਆਂ ਝਲਕਾਂ ਪੈਂਦੀਆਂ ਹਨ। ਸਤਿਗੁਰੂ ਜੀ ਦਾ ਜੱਸ ਤਾਂ ਮਿਸਰੀ ਦਾ ਪਹਾੜ ਹੈ ਇਕ ਕੀੜੀ ਭਾਵੇਂ ਸਾਰੀ ਉਮਰ ਉਸ ਪਹਾੜ ਵਿਚੋਂ ਖਾਂਦੀ ਰਹੇ ਤਾਂ ਉਹ ਕਿੰਨੀ ਕੁ ਮਿਸਰੀ ਖਾ ਲੈ ਗੀ?

ਗੁਰ ਕੋ ਜਸ ਹੈ ਸੈਲ ਨਿਬਾਤੇ
ਮੈਂ ਚੀਟੀ ਕਿਆ ਚਖ ਹੈ ਤਾਂਤੇ

ਫਿਰ ਜਿਨ੍ਹਾਂ ਵਾਸਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਸਿਰਮੌਰ ਲਿਖ ਗਏ ਹਨ ਉਹ ਨਿਸਚੇ ਹੀ ਸਿਰਮੌਰ ਹਨ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਜਾਣ ਸਮੇਂ ਆਪਣੇ ਛੋਟੇ ਭਾਈ ਬਾਬਾ ਬੁੱਧ ਸਿੰਘ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) ਨੂੰ ਸੰਗਤ ਦੀ ਅਗਵਾਈ ਕਰਨ ਦਾ ਹੁਕਮ ਦੇ ਰਹੇ ਹਨ.
ਸਾਰ ਸੰਭਾਲ ਰਖੋ ਸਭ ਸੰਗਤ । ਇਤ ਦਰ ਦੀ ਹੋਵੇ ਲਾਜ । [illegible]

Sri Satguru Jagjit Singh Ji Elibrary NamdhariElibrary@gmail.com

ਪਿਛੇ ਲਿਖਿਆ ਗਿਆ ਹੈ ਕਿ ਬਾਬਾ ਬੈਂਕਾ ਜੀ, ਜਿਥੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਸਤੇ ਆਸਣ ਵਿਛਾਉਂਦੇ ਸਨ ਉਥੇ ਨਾਲ ਹੀ ਤੀਸਰਾ ਆਸਣ ਬਾਬਾ ਬੁਧ ਸਿੰਘ ਜੀ ਵਾਸਤੇ ਵਿਛਾਉਂਦੇ ਸਨ। ਉਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਨਾਮ ਬਾਬਾ ਬੁਧ ਸਿੰਘ ਜੀ ਹੀ ਸੀ।

ਇਸ ਤੋਂ ਪਹਿਲਾਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵੀ ਲਿਖ ਗਏ ਸਨ

**ਦੋਨੋ ਭਈਆ ਏਕ ਸਰੂਪ ਕਰ ਭਾਖੇ॥**

ਇਸ ਤੁਕ ਨੂੰ ਪ੍ਰਤੱਖ ਕਰਨ ਵਾਸਤੇ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹਰਦਵਾਰ ਵਿਚ ਇਕ ਬੜੀ ਵੱਡੀ ਗੇਲੀ ਨੂੰ ਅੱਗ ਲਾਉਣ ਵਾਲਾ ਕੌਤਕ ਕੀਤਾ ਸੀ। ਅੱਗ ਲਗੀ ਹੋਈ ਗੇਲੀ ਨੂੰ ਗੰਗਾ ਵਿਚ ਸੁੱਟਣ ਵਾਸਤੇ ਇਕ ਬੰਨੇ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਚੁੱਕਿਆ ਅਤੇ ਦੂਸਰੇ ਬੰਨੇ ਤੋਂ ਸਾਰੀ ਸੰਗਤ ਨੂੰ ਚੁੱਕਣ ਦਾ ਹੁਕਮ ਕੀਤਾ। ਸਾਰੀ ਸੰਗਤ ਨੇ ਬੜਾ ਜੋਰ ਲਾਇਆ ਪਰ ਗੇਲੀ ਨ ਚੁੱਕੀ ਗਈ ਫਿਰ ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਹਟਾ ਦਿੱਤਾ ਅਪਣੇ ਛੋਟੇ ਵੀਰ ਭਾਈ ਬੁਧ ਸਿੰਘ ਜੀ ਨੂੰ ਇਹ ਕਹਿ ਕੇ ਕਿ

**"ਆ ਭਾਈ ਇਹ ਤੇਰਾ ਮੇਰਾ ਹੀ ਕੰਮ ਹੈ"**

ਗੇਲੀ ਨੂੰ ਦੂਜੇ ਬੰਨਿਉਂ ਚੁੱਕਣ ਦਾ ਹੁਕਮ ਕੀਤਾ। ਜਦੋਂ ਭਾਈ ਬੁਧ ਸਿੰਘ ਜੀ ਨੇ ਗੇਲੀ ਨੂੰ ਹੱਥ ਲਾਇਆ ਤਾਂ ਗੇਲੀ ਝਟ ਚੁੱਕੀ ਗਈ। ਦੁਹਾਂ ਭਰਾਵਾਂ ਨੇ ਗੇਲੀ ਚੁੱਕ ਕੇ ਗੰਗਾ ਵਿਚ ਸੁੱਟ ਦਿੱਤੀ। ਇਹ ਦ੍ਰਿਸ਼ ਵੇਖ ਕੇ ਸਾਰੀ ਸੰਗਤ ਧੰਨ ਧੰਨ ਕਹਿਣ ਲਗ ਪਈ

**ਹੋਇ ਹੈਰਾਨੁ ਕਰੇਨਿ ਜੁਹਾਰੀ**

ਕਿਉਂ ਜੋ

**ਜ਼ਾਹਰ ਕਲਾ ਨ ਛਪੈ ਛਪਾਈ**

ਇਹ ਕੌਤਕ ਸਤਿਗੁਰੂ ਜੀ ਨੇ ਭਵਿਸ਼ ਸਮੇਂ ਲਈ ਗੁਰ ਗੱਦੀ ਬਾਰੇ ਸੂਚਨਾ ਦੇਣ ਲਈ ਕੀਤਾ ਸੀ। ਇਸ ਦਾ ਭਾਵ ਇਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਸਮੇਂ ਉਨ੍ਹਾਂ ਦੀ ਕਾਰ ਨੂੰ ਭਾਈ ਬੁਧ ਸਿੰਘ ਜੀ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) ਤੋਂ ਬਿਨਾਂ ਹੋਰ ਕੋਈ ਨਹੀਂ ਚਲਾ ਸਕੇਗਾ।

ਪ੍ਰਦੇਸ ਜਾਣ ਸਮੇਂ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਸ੍ਰੀ ਭੈਣੀ ਸਾਹਿਬ ਤੋਂ ਤੁਰਨ ਲਗਿਆਂ ਭਾਈ ਬੁਧ ਸਿੰਘ ਜੀ ਨੂੰ ਕਹਿਆ ਸੀ

**ਸਾਰ ਸੰਮਾਲ ਰਖੇ ਸਭ ਸੰਗਤ,
ਇਤ ਦਰਦੀ ਹੋਵੇ ਲਖ ਪੰਗਤ**

Sri Satguru Jagjit Singh Ji Elibrary NamdhariElibrary@gmail.com

ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਜਾਣ ਲੱਗਿਆਂ ਹੀ ਪੰਥ ਦੀ ਜ਼ਿੰਮੇਵਾਰੀ ਭਾਈ ਬੁਧ ਸਿੰਘ ਜੀ ਨੂੰ ਸੌਂਪ ਦਿੱਤੀ ਸੀ ਫਿਰ ਵੀ ਇਕ ਵਾਰ ਹੋਰ ਰੰਗੂਨ ਤੋਂ ਸਭ ਤੋਂ ਪਹਿਲੇ, ਸੰਤ ਦਰਬਾਰਾ ਸਿੰਘ ਜੀ ਦੀ ਰਾਹੀਂ ਭੇਜੇ ਹੋਏ ਹੁਕਮਨਾਮੇਂ ਵਿਚ ਲਿਖ ਭੇਜਿਆ ਸੀ, ਕਿ

## ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ। ਇਹ ਸਿਖੀ ਨੂੰ ਹਰੀ ਰਖਣਗੇ। ਇਨ੍ਹਾਂ ਨੂੰ ਸਿਰ ਕਰਤਾ ਮੰਨਣ। ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ

ਭਾਵੇਂ ਇਹ ਹੁਕਮ ਸੰਗਤ ਵਿਚ ਪੁਜ ਚੁਕਿਆ ਸੀ ਪਰ ਫਿਰ ਵੀ ਕਈਆਂ ਦੇ ਮਨ ਅਜੇ ਵੀ ਨਹੀਂ ਸਨ ਪਤੀਜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਈਆਂ ਨੂੰ ਦ੍ਰਿਸ਼ਟਾਂਤ ਵਿਚ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਚਰਨੀਂ ਲਗਣ ਵਾਸਤੇ ਹੁਕਮ ਕੀਤਾ। ਉਨ੍ਹਾਂ ਵਿਚੋਂ ਇਕ ਸਨ ਮਹਾਂ ਪੁਰਖ ਬਾਬਾ ਲਾਲ ਸਿੰਘ ਜੀ ਨਤਾਲੀਏ। ਉਹ ਦ੍ਰਿਸ਼ਟਾਂਤ ਕੁਝ ਇਸ ਤਰ੍ਹਾਂ ਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਲਾਲ ਸਿੰਘ ਜੀ ਨੂੰ ਦ੍ਰਿਸ਼ਟਾਂਤ ਵਿਚ ਦਰਸ਼ਨ ਦਿੱਤੇ, ਬਾਬਾ ਜੀ ਨੇ ਦੋ ਰੁਪੈ ਮੱਥਾ ਟੇਕੇ, ਸਤਿਗੁਰ ਜੀ ਪਿਛੇ ਹਟ ਗਏ। ਕਾਰਣ ਪੁਛਣ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜੇ ਰੁਪੈ ਮੱਥਾ ਟੇਕਣੇ ਹਨ ਤਾਂ ਰਾਮ ਦਾਸ ਪੁਰ (ਸ੍ਰੀ ਭੈਣੀ ਸਾਹਿਬ) ਜਾ ਕੇ ਭਾਈ ਬੁਧ ਸਿੰਘ ਜੀ ਨੂੰ ਟੇਕੋ।

ਮਨ ਵਿਚ ਭਾਵੇ ਕੁੜ ਸੀ ਪਰ ਸਤਿਗੁਰੂ ਜੀ ਦਾ ਹੁਕਮ ਮੰਨਕੇ ਜਦੋਂ ਬਾਬਾ ਲਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਗਏ ਤਾਂ ਉਨ੍ਹਾਂ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦੇਹ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਇਆ। ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ, ਹਿਰਦਾ ਖਿੜ ਗਿਆ ਅਤੇ ਮੂੰਹੋਂ ਆਪ ਮੁਹਾਰੇ ਇਹ ਸ਼ਬਦ ਨਿਕਲ ਗਏ

## ਦੋਨੋ ਭਈਆ ਏਕ ਸਰੂਪ ਕਰ ਭਾਸੇ

ਸਾਧ ਸੰਗਤ ਜੀ, ਤੁਸੀਂ ਆਪ ਹੀ ਸੋਚੋ ਕਿ ਇਕੋ ਸਮੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਰੰਗੂਨ ਵਿਚ ਸੰਤ ਦਰਬਾਰਾ ਸਿੰਘ ਜੀ ਨੂੰ ਲੰਗਰ ਵਿਚ ਮੋਟੇ ਪਰਸਾਦੇ ਅਤੇ ਕਰੜੇ ਦਾਣੇ ਦਾ ਹੁਕਮ ਕਰਨਾ ਅਤੇ ਦੂਜੇ ਪਾਸੇ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਲਾਂਗਰੀਆਂ ਨੂੰ ਮੋਟੇ ਪਰਸਾਦੇ ਅਤੇ ਕਰੜੇ ਦਾਣੇ ਦੇ ਹੁਕਮ ਕਰਨ ਤੋਂ ਇਹ ਸਾਫ ਜ਼ਾਹਰ ਨਹੀਂ ਹੈ ਕਿ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਵਾਲੀ ਹੀ ਜੋਤ ਸੀ.

NO. 18
DATE ______

# ਪਰਤਾਪਸਿੰਘ ਵਡੇ ਪਰਤਾਪ ਵਾਲਾ ਹੋਵੇਗਾ

ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਪਹਿਲਾਂ ਦੀ ਗਲ ਹੈ ਕਿ ਇਕ ਦਿਨ ਗੜ੍ਹੀ ਵਾਲੇ ਕਾਨ ਸਿੰਘ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ ਜੀ, ਤੁਸੀਂ ਆਖਦੇ ਹੋ ਕਿ ਅਸਾਂ ਪ੍ਰਦੇਸ ਜਾਣਾ ਹੈ, ਜੇ ਆਪ ਜੀ ਸੱਚ ਮੁੱਚ ਹੀ ਪ੍ਰਦੇਸ ਚਲੇ ਗਏ ਤਾਂ ਬਾਬਾ ਜੱਸਾ ਸਿੰਘ ਜੀ ਦੀ ਪੋਤ੍ਰਿਆਂ ਵਾਲੀ ਮੰਗ ਕਿਸ ਤਰ੍ਹਾਂ ਪੂਰੀ ਹੋਵੇਗੀ? ਹੇ ਸੱਚੇ ਪਾਤਸ਼ਾਹ ਜੀ, **ਪੂਤੀ ਗੰਢੁ ਪਵੈ ਸੰਸਾਰਿ** ਅਨੁਸਾਰ ਜਿੱਥੇ ਪੁਤ ਦੀ ਬਹੁਤ ਲੋੜ ਹੁੰਦੀ ਹੈ ਉੱਥੇ ਪੋਤ੍ਰਾ ਵੇਖਣ ਦੀ ਰੀਝ ਘਟ ਨਹੀਂ ਹੁੰਦੀ। ਬਾਬਾ ਜੀ ਪੋਤ੍ਰਾ ਵੇਖਣ ਦੇ ਬਹੁਤ ਚਾਹਵਾਨ ਹਨ, ਆਪ ਜੀ ਦਾ ਬਚਨ ਵੀ ਹੋ ਗਿਆ ਹੈ ਕਿ ਪੋਤ੍ਰਾ ਤਾਂ ਹੋਵੇਗਾ ਪਰ ਬਾਬਾ ਜੀ ਨੂੰ ਵੇਖਣਾ ਨਸੀਬ ਨਹੀਂ ਹੋਵੇਗਾ। ਸੱਚੇ ਪਾਤਸ਼ਾਹ ਜੀ, ਆਪ ਜੀ ਦੇ ਬਚਨ ਅਨੁਸਾਰ ਜੇ ਬਾਬਾ ਜੀ ਆਪ ਨ ਵੇਖ ਸਕਣਗੇ ਤਾਂ ਦੁਨੀਆਂ ਤੇ ਵੇਖ ਸਕੇਗੀ, ਬਾਬਾ ਜੀ ਦਾ ਨਾਮ ਤਾਂ ਅਮਰ ਰਹੇਗਾ, ਪਰ ਹੁਣ ਤਾਂ ਗਲ ਹੀ ਹੋਰ ਜਾਪਦੀ ਹੈ, ਇਕ ਪਾਸੇ ਆਪ ਜੀ ਤਾਂ ਪ੍ਰਦੇਸ ਜਾਣ ਦੀ ਇੱਛਾ ਰਖਦੇ ਹੋ ਅਤੇ ਦੂਜੇ ਪਾਸੇ ਭਾਈ ਬੁਧ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਜੀ ਅਕਸਰ ਬੀਮਾਰ ਰਹਿੰਦੇ ਹਨ, ਬੱਚਾ ਹੋਣ ਦੀ ਕੋਈ ਆਸ ਹੀ ਨਹੀਂ, ਹੁਣ ਆਪ ਜੀ ਹੀ ਦੱਸੋ ਕਿ ਬਾਬਾ ਜੀ ਦੀ ਪੋਤ੍ਰੇ ਵਾਲੀ ਮੰਗ ਕਿਸ ਤਰ੍ਹਾਂ ਪੂਰੀ ਹੋਵੇਗੀ?"

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਨ ਭਾਈ ਸੋਚਣ ਦੀ ਲੋੜ ਨਹੀਂ,

## ਪਰਤਾਪਸਿੰਘ ਵਡੇ ਪਰਤਾਪ ਵਾਲਾ ਹੋਵੇਗਾ"

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

## ਰਾਜਬਿਨਾਸੀ, ਤਾਮਬਿਨਾਸੀ, ਸਾਤਕੁ ਭੀ ਬੇਨਾਸ ॥
## ਦ੍ਰਿਸਟਮਾਨ ਹੈ ਸਗਲ ਬਿਨਾਸੀ ਇਕ ਸਾਧ ਬਚਨ ਆਗਾਧ ॥

ਇੱਥੇ ਤਾਂ ਇਕ ਸਾਧ ਦੇ ਬਚਨ ਬਾਰੇ ਲਿਖਿਆ ਹੈ ਕਿ ਦੁਨੀਆਂ ਭਾਵੇਂ ਤਬਾਹ ਹੋ ਜਾਵੇ ਪਰ ਇਹ ਕਦੇ ਹੋ ਨਹੀਂ ਸਕਦਾ ਕਿ ਸਾਧ ਦਾ ਬਚਨ ਪੂਰਾ ਨ ਹੋਵੇ। ਜਦੋਂ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਸਾਧਾਂ ਦੇ ਬਣਾਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਬਚਨ ਪੂਰਾ ਕਿਉਂ ਨ ਹੁੰਦਾ?

ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਪ੍ਰਦੇਸ ਚਲੇ ਜਾਣ ਪਿਛੋਂ ਮਾਤਾ ਸਾਹਿਬ ਕੌਰ ਜੀ ਚੜ੍ਹਾਈ ਕਰ ਗਏ ਸਨ ਅਤੇ ਕੁਝ ਚਿਰ ਪਿਛੋਂ ਬਾਬਾ ਖੁਸ਼ਹਾਲ ਸਿੰਘ ਜੀ ਦੀਆਂ ਦੋ ਸਪੁਤ੍ਰੀਆਂ ਜੀਵਨ ਕੌਰ ਅਤੇ ਫਤਹ ਕੌਰ (ਮਾਤਾ ਜੀਵਨ ਕੌਰ ਜੀ ਅਤੇ ਮਾਤਾ ਫਤਹ ਕੌਰ ਜੀ) ਨੂੰ ਸ੍ਰੀ ਸਤਿਗੁਰ ਹਰੀ ਸਿੰਘ ਜੀ ਦੇ ਮਹਿਲ ਬਣਨ ਦਾ ਮਾਣ ਪ੍ਰਾਪਤ ਹੋਇਆ,

NO. 19

DATE

ਸੰਮਤ ਬਿਕਰਮੀ ੧੯੪੬ (ਸੰਨ 1890) ਚੇਤ ਵਦੀ ਤੀਜ ਐਤਵਾਰ ਦਾ ਉਹ ਸੁਭਾਗਾ ਦਿਹਾੜਾ ਆਇਆ ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਾਦੁਰਭਾਵ ਹੋਇਆ। ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖਬਰ ਸੁਣ ਕੇ ਸਤਿਗੁਰੂ ਹਰੀ ਸਿੰਘ ਜੀ ਬਹੁਤ ਖੁਸ਼ ਹੋਏ ਅਤੇ ਖੁਸ਼ੀ ਵਿਚ ਹੀ ਬਚਨ ਕੀਤਾ.

**"ਪਰਤਾਪ ਸਿੰਘ ਬੜੇ ਪ੍ਰਤਾਪ ਵਾਲਾ ਆਇਆ ਏ। ਘਰ ਦਾ ਮਾਲਕ ਆਇਆ ਏ। ਸਾਥੋਂ ਵਡਾ ਬਲੀ ਆਇਆ ਹੈ। ਬੜੇ ਪ੍ਰਤਾਪ ਵਾਲਾ ਹੋਵੇਗਾ। ਇਸ ਦੀ ਛਤਰ ਛਾਇਆ ਸੰਗਤ ਨੂੰ ਬੜੇ ਸੁਖ ਹੋਣਗੇ।"**

ਸਾਧ ਸੰਗਤ ਜੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਉਪਰਲੇ ਬਚਨਾਂ ਨੂੰ ਜੇ ਵੀਚਾਰੀਏ ਤਾਂ ਪਤਾ ਲਗ ਜਾਂਦਾ ਹੈ ਕਿ "ਇਹ ਸ਼ਬਦ ਜਿੱਥੇ ਸਾਹਿਬਜ਼ਾਦੇ ਦੇ ਆਗਮਨ ਦੀ ਖੁਸ਼ੀ ਪਰਗਟ ਕਰਦੇ ਹਨ ਉੱਥੇ ਨਾਲ ਹੀ ਇਹ ਸੰਕੇਤ ਵੀ ਕਰਦੇ ਹਨ ਕਿ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪਿਛੋਂ ਉਨ੍ਹਾਂ ਦੀ ਗੱਦੀ ਦੇ ਮਾਲਕ ਇਹ ਸਾਹਿਬਜ਼ਾਦਾ ਜੀ (ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ) ਹੋਣਗੇ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਰਗਟ ਹੋਣ ਬਾਰੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਇਕ ਨਿਹੰਗ ਸਿੰਘ ਕਲਿਆਣ ਸਿੰਘ ਜੀ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ ਸੀ ਕਿ "ਹੁਣ ਮੈਂ ਭੈਣੀ ਸਾਹਿਬ ਗੁਰੂ ਘਰਾਣੇ ਵਿਚ, ਗਿਆਰਾ ਪ੍ਰਤਾਪ, ਫੇਰ ਪਰਗਟ ਕਰਨ ਲਈ ਪ੍ਰਗਟਿਆ ਹਾਂ।"। ਇਹ ਨਿਹੰਗ ਸਿੰਘ ਜੀ ਜਦੋਂ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਨ ਵਾਸਤੇ ਟੁਰਨ ਲਗੇ ਤਾਂ ਇਕ ਹੋਰ ਨਿਹੰਗ ਸਿੰਘ ਕਿਰਪਾਲ ਸਿੰਘ ਵੀ ਅਜ਼ਮਾਇਸ਼ ਕਰਨ ਵਾਸਤੇ ਟੁਰ ਪਿਆ। ਦੁਹਾਂ ਸਿੰਘਾਂ ਨੇ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਗੇ ਸਾਹਿਬਜ਼ਾਦੇ ਦੇ ਦਰਸ਼ਨ ਕਰਵਾਉਣ ਵਾਸਤੇ ਬੇਨਤੀ ਕੀਤੀ। ਜਦੋਂ ਇਨ੍ਹਾਂ ਨੂੰ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਵਾਏ ਗਏ ਤਾਂ ਸਾਹਿਬਜ਼ਾਦੇ ਜੀ ਨੇ ਇਨ੍ਹਾਂ ਨੂੰ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਰੂਪ ਵਿਚ ਦਰਸ਼ਨ ਦਿੱਤੇ। ਆਪਣੀ ਮਨੋ ਕਾਮਨਾ ਪੂਰੀ ਹੋਈ ਵੇਖ ਕੇ ਨਿਹੰਗ ਸਿੰਘ ਬੜੇ ਖੁਸ਼ ਹੋਏ ਅਤੇ ਕਹਿਣ ਲਗੇ

**ਸਫਲ ਸਫਲ ਭਈ ਸਫਲ ਜਾਤ੍ਰਾ**

## ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਰਗਟ ਹੋਣ ਪਿਛੋਂ

ਇਕ ਦਿਨ ਸੰਤ ਉਤਮ ਸਿੰਘ ਜੀ ਗਾਣੇ ਸਰ ਵਾਲਿਆਂ ਨੂੰ ਸਮਾਧੀ ਲਗੀ ਸਮੇਂ ਆਵਾਜ਼ਾ ਹੋਇਆ ਕਿ "ਜਿਸ ਨਾਮਧਾਰੀ ਪੰਥ ਦੀ ਨੀਂਹ ਮੈਂ ਪਤਾਲੋਂ ਰਖੀ ਸੀ, ਹੁਣ ਜ਼ਮੀਨੋਂ ਬਾਹਰ ਆਈ ਹੈ, ਉਸਦਾ ਪ੍ਰਤਾਪ ਪ੍ਰਗਟ ਕਰਨ ਵਾਲਾ ਭੈਣੀ ਸਾਹਿਬ ਪ੍ਰਗਟ ਹੋਇਆ ਹੈ।" ਆਵਾਜ਼ਾ ਹੋਣ ਪਿਛੋਂ ਇਹ ਸੰਤ ਜੀ ਭੇਟਾ ਵਜੋਂ ਘਰ ਦਾ ਜੁੜਿਆ ਹੋਇਆ ਪੰਜ ਸੇਰ ਘਿਉ ਲੈ ਕੇ ਸ੍ਰੀ ਭੈਣੀ ਸਾਹਿਬ ਗਏ। ਉਥੇ ਮਾਤਾ ਜੀ ਦੀ ਝੋਲੀ ਵਿਚ ਬਾਲ ਰੂਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ, ਬੜੇ ਸੁਹਣੇ ਦਰਸ਼ਨ ਹੋਏ। ਦਰਸ਼ਨ ਕਰਕੇ ਨਿਹਾਲ ਹੋਏ ਅਤੇ ਆਵਾਜ਼ਾ ਹੋਣ ਦੀ ਸਾਰੀ ਵਾਰਤਾ ਸੁਣਾਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਾਂ ਪਹਿਲਾਂ ਹੀ ਕਹਿ ਗਏ ਸਨ ਕਿ ਪਰਤਾਪ ਸਿੰਘ ਵਡੇ ਪ੍ਰਤਾਪ ਵਾਲਾ ਹੋਵੇਗਾ ਅਤੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਵਾਲੇ ਦਿਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੀ ਕਹਿਆ ਸੀ ਕਿ ਪਰਤਾਪ ਸਿੰਘ ਵਡੇ ਪ੍ਰਤਾਪ ਵਾਲਾ ਆਇਆ ਏ, ਘਰ ਦਾ ਮਾਲਕ ਆਇਆ ਏ ... ਇਸ ਦੀ ਛਤਰ ਛਾਇਆ ਸੰਗਤ ਨੂੰ ਬੜੇ ਸੁਖ ਹੋਣਗੇ।"

ਇਸ ਦੇ ਪਿੱਛੋਂ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਕਈ ਵੇਰ ਐਸੇ ਬਚਨ ਕੀਤੇ ਸਨ ਜਿਨ੍ਹਾਂ ਤੋਂ ਇਹ ਸਪਸ਼ਟ ਪਤਾ ਲਗਦਾ ਸੀ ਕਿ ਸਤਿਗੁਰੂ ਹਰੀ ਜੀ ਦੇ ਪਿਛੋਂ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਹੀ ਗੁਰੂ ਹੋਣਗੇ

### ( ਇਕ ਸਾਖੀ )

ਇਕ ਵੇਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅੰਬਾਲੇ ਜ਼ਿਲੇ ਦਾ ਦੌਰਾ ਕਰ ਰਹੇ ਸਨ। ਆਪ ਜੀ ਦੇ ਨਾਲ ਜੋ ਗਈ ਸੰਗਤ ਵਿਚ ਆਪ ਜੀ ਦੇ ਸਾਹਿਬਜ਼ਾਦੇ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਹਾਰਾਜ ਨਿਹਾਲ ਸਿੰਘ ਜੀ ਵੀ ਸਨ। ਜਦੋਂ ਇਕ ਸਿੱਖ ਦੇ ਘਰ ਜਾ ਕੇ ਡੇਰਾ ਕੀਤਾ ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਕਿਹਾ ਕਿ ਤੂੰ ਪਰਤਾਪ ਸਿੰਘ ਨੂੰ ਘੁਟ। ਮਹਾਰਾਜ ਜੀ ਨੇ ਨਾ ਤਾਂ ਘੁਟਿਆ ਅਤੇ ਨਾ ਹੀ ਸਤਿਗੁਰੂ ਜੀ ਵਲ ਵੇਖਿਆ, ਚੁੱਪ ਕਰ, ਨੀਵੀਂ ਪਾਈ ਬੈਠੇ ਰਹੇ। ਫਿਰ ਸਤਿਗੁਰੂ ਜੀ ਨੇ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਨੂੰ ਕਿਹਾ ਕਿ ਤੂੰ ਨਿਹਾਲ ਸਿੰਘ ਨੂੰ ਘੁੱਟ। ਹੁਕਮ ਮਿਲਦਿਆਂ ਸਾਰ ਹੀ ਸਤਿਗੁਰੂ ਪਰਤਾਪ ਸਿੰਘ ਜੀ

## ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।

ਮੁਖ ਰਖਦਿਆਂ ਬਿਨਾਂ ਕਿਸੇ ਉਜਰ ਤੋਂ ਆਪਣੇ ਛੋਟੇ ਵੀਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਘੁਟਣ ਲਗ ਪਏ ਅਤੇ ਕਿੰਨਾ ਹੀ ਚਿਰ ਘੁਟਦੇ ਰਹੇ, ਇਹ ਵੇਖਕੇ ਸਤਿਗੁਰੂ ਹਰੀ ਸਿੰਘ ਜੀ ਬੜੇ ਪ੍ਰਸੰਨ ਹੋਏ ਅਤੇ ਬਚਨ ਕੀਤਾ -- ਵੇਖੋ ਭਾਈ

## ਪਰਤਾਪ ਸਿੰਘ ਬਾਜ਼ੀ ਲੈ ਗਿਆ ਹੈ ਅਤੇ ਨਿਹਾਲ ਸਿੰਘ ਰਹਿ ਗਿਆ ਹੈ

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਕਈ ਵੇਰ ਸਿੱਖਾਂ ਨੂੰ ਆਖਿਆ ਕਰਦੇ ਸਨ ਕਿ ਤੁਸੀਂ ਸਭ ਪਰਤਾਪ ਸਿੰਘ ਦੇ ਕਹੇ ਤੇ ਚਲਿਆ ਕਰੋ ਅਤੇ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਨੂੰ ਵੀ ਕਿਹਾ ਕਰਦੇ ਸਨ ਕਿ ਤੂੰ ਸਭ ਨੂੰ ਕੰਮ ਦੱਸਿਆ ਕਰ ਅਤੇ ਕਰਵਾਇਆ ਕਰ, ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇਥੋਂ ਤਕ ਕਹਿ ਦਿੱਤਾ ਸੀ ਕਿ ਹੁਣ ਤੂੰ ਮੇਰੀ ਵਾਲੀ ਘੋੜੀ ਤੇ ਚੜ੍ਹਿਆ ਕਰ। ਇਸ ਘੋੜੀ ਦਾ ਨਾਮ ਕੂਨੀ ਸੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਸਰੀਰ ਦਾ ਓਹਲਾ ਜੇਠ ਵਦੀ ਦਸਵੀਂ ਬਿਕਰਮੀ ਸੰਮਤ ੧੯੬੩ ਨੂੰ ਕੀਤਾ। ਸਸਕਾਰ ਤੋਂ ਅਗਲੇ ਹੀ ਦਿਨ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਹੁਕਮ ਅਨੁਸਾਰ, ਆਸਣ ਵਿਛਾ ਕੇ ਅਤੇ ਅਰਜ਼ ਕਰਕੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਗੁਰ ਗੱਦੀ ਤੇ ਬੈਠਾਇਆ ਗਿਆ।

## ਤਖਤਿ ਬਹੈ ਤਖਤੈ ਕੀ ਲਾਇਕ ॥

ਇਸ ਤੋਂ ਅਗਲੇ ਹੀ ਦਿਨ ਬਿੱਲੀਵਾਲ ਦਾ ਫਕੀਰ, ਸੂਫੀ ਮੁਹੰਮਦ, ਸ੍ਰੀ ਭੈਣੀ ਸਾਹਿਬ ਆਇਆ। ਜਦੋਂ ਉਸਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਉਸ ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੀਰ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਦਰਸ਼ਨ ਕਰਦਿਆਂ ਸਾਰ ਮਨ ਸ਼ਾਂਤ ਹੋ ਗਿਆ, ਦਿਲ ਦੇ ਸਾਰੇ ਸ਼ੰਕੇ ਦੂਰ ਹੋ ਗਏ ਅਤੇ ਮਨ ਦੀ ਭਾਵਨਾ ਪੂਰੀ ਹੁੰਦੀ ਜਾਣ ਕੇ, ਪਲੂ ਫੇਰਕੇ, ਉੱਚੀ ਆਵਾਜ਼ੇ ਹੋਕਾ ਦਿੱਤਾ, ਗੁਰੂ ਕੀਏ ਸੰਗਤੇ

"ਸਮੇਂ ਦਾ ਮਾਲਕ ਵਡੇ ਪ੍ਰਤਾਪ ਵਾਲਾ ਸਤਿਗੁਰੂ ਇਹੋ ਜੇ ਸਭ ਇਸ ਨੂੰ ਮੰਨੋ"

ਇਹ ਹੋਕਾ ਦੇ ਕੇ ਉਸ ਨੇ ਅਪਣੀ ਸਾਖੀ ਸੁਣਾਈ

(ਸਾਖੀ)

ਮੈਂ ਜ਼ਿਲੇ ਲੁਧਿਆਣੇ ਦੇ ਪਿੰਡ ਬਿੱਲੀਵਾਲ ਦਾ ਰਹਿਣ ਵਾਲਾ ਹਾਂ। ਲੋਕ ਮੈਨੂੰ ਫਕੀਰ ਸੂਫੀ ਮੁਹੰਮਦ ਕਰ ਕੇ ਬੁਲਾਂਦੇ ਹਨ। ਮੈਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ ਹੈ ਅਤੇ ਆਵਾਜ਼ਾਂ ਭੀ ਹੋਇਆ ਹੈ :—

ਇਹੋ ਸਰੂਪ ਤੈਨੂੰ ਭੈਣੀ ਸਾਹਿਬ ਦਿੱਸੇਗਾ, ਤੂੰ ਜਾ ਕੇ ਦਰਸ਼ਨ ਕਰ ਅਤੇ ਹੋਕਾ ਦੇਈਂ ਕਿ ਸਮੇਂ ਦਾ ਮਾਲਕ ਵਡੇ ਪ੍ਰਤਾਪ ਵਾਲਾ ਸਤਿਗੁਰੂ ਜੇ ਸਭ ਇਸ ਨੂੰ ਮੰਨੋ, ਸੰਗਤ ਕਿਉਂ ਸੋਚਾਂ ਵਿਚ ਪਈ ਹੈ! ਤੂੰ ਜਾਹ ਤੇ ਹੋਕਾ ਦੇਹ

Sri Satguru Jagjit Singh Ji Elibrary NamdhariElibrary@gmail.com

ਉਸ ਫਕੀਰ ਨੇ ਕਿਹਾ ਕਿ ਮੈਂ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਹੀ ਇੱਥੇ ਆਇਆ ਹਾਂ । ਇਥੇ ਪੁਜ ਕੇ ਜਦੋਂ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਸੱਚ ਮੁੱਚ ਮੈਨੂੰ ਸੁਪਨੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਵਾਂਗ ਹੀ ਇਨ੍ਹਾਂ ਦੇ ਦਰਸ਼ਨ ਹੋਏ ਸਨ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਮੈਂ ਕਹਿ ਰਿਹਾ ਹਾਂ ਕਿ ਏਸ ਸਮੇਂ ਦੇ ਗੁਰੂ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੀ ਹਨ, ਸਾਨੂੰ ਸਾਰਿਆਂ ਨੂੰ ਇਨਾਂ ਨੂੰ ਗੁਰੂ ਮੰਨਣਾ ਚਾਹੀਦਾ ਹੈ । ਮੈਂ ਤਾਂ ਹੁਕਮ ਅਨੁਸਾਰ ਹੋਕਾ ਦੇ ਦਿੱਤਾ ਹੈ ਅਤੇ ਆਪਣਾ ਫ਼ਰਜ਼ ਪੂਰਾ ਕਰ ਦਿੱਤਾ ਹੈ ।

ਸੰਗਤ ਭਾਵੇ ਪਹਿਲਾਂ ਹੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਗੁਰੂ ਮੰਨਦੀ ਸੀ ਅਤੇ ਹੁਣ ਫਕੀਰ ਦਾ ਹੋਕਾ ਸੁਣ ਕੇ ਸੰਗਤ ਦੀ ਸ਼ਰਧਾ ਹੋਰ ਵੀ ਵਧ ਗਈ ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਜੱਸ ਤਾਂ ਮਿਸਰੀ ਦਾ ਪਹਾੜ ਹੈ

ਗੁਰ ਕੋ ਜਸ ਹੈ ਸੈਲ ਨਿਬਾਤੇ
ਮੈਂ ਚੀਂਟੀ ਕਿਆ ਚਕ ਹੌਂ ਤਾਂਤੇ

ਮਛੀ ਵਿਚਾਰੀ ਨੂੰ ਕੀ ਪਤਾ ਹੈ ਕਿ ਸਮੁੰਦ੍ਰ ਕਿਡਾ ਕੁ ਵੱਡਾ ਹੈ !

ਤੂ ਦਰੀਆਉ ਦਾਨਾ ਬੀਨਾ
ਮੈ ਮਛੁਲੀ ਕੈਸੇ ਅੰਤੁ ਲਹਾ

ਸ਼ਹਿਨ ਸ਼ਾਹ ਸਤਿਗੁਰੂ ਪਰਤਾਪ ਸਿੰਘ ਜੀ, ਜੱਸ ਕਿਸ ਤਰ੍ਹਾਂ ਕਰਾਂ ਬਿਆਨ ਤੇਰਾ ।
ਜਾਣਨਹਾਰ ਤੂੰ ਘਟ ਘਟ ਦੀ ਜਾਣਦਾ ਸੈਂ, ਹੋਇਆ ਸਚ ਹੈ ਰਬੀ ਫੁਰਮਾਨ ਤੇਰਾ ।
ਅਮਨ ਏਕਤਾ ਲਈ ਭਾਰਤ ਵਰਸ਼ ਸਾਰਾ, ਭੁਲ ਸਕਦਾ ਨਹੀਂ ਅਹਿਸਾਨ ਤੇਰਾ ।
ਬੂਹਾ ਰਹਿਮਤਾਂ ਦਾ ਸਦਾ ਰਹੇ ਖੁਲਾ, ਪੁਲੋਂ ਤੱਕ ਰਹੇ ਝੂਲਦਾ ਨਿਸ਼ਾਨ ਤੇਰਾ ।

ਤੇਰੇ ਚਰਨਾਂ ਦੀ ਧੂੜ ਨੂੰ ਤਰਸਦੇ ਨੇ, ਕੀਤਾ ਇਕ ਵਾਰ ਜਿਨ੍ਹਾਂ ਦੀਦਾਰ ਤੇਰਾ ।
ਲਖੀ ਜਾਏ ਨ ਮਹਿਮਾ ਅਲਖ ਤੇਰੀ, ਨ ਕੋਈ ਪਾ ਸਕਿਆ ਪਾਰਾਵਾਰ ਤੇਰਾ ।
ਐਸੇ ਪੰਧ ਅਨੋਖੇ ਦਾ ਤੂੰ ਪਾਂਧੀ, ਮਾਰਗ ਸੱਚ ਦਾ ਉਚ ਕਿਰਦਾਰ ਤੇਰਾ ।
ਨਿਰਧਨ ਅੱਜ ਮਾਲਕ ਮੁਰੱਬਿਆਂ ਦੇ, ਪਰਵਦਗਾਰ ਅਪਾਰ ਉਪਕਾਰ ਤੇਰਾ ।

(ਸੰਤ ਜੁਗਿੰਦਰ ਸਿੰਘ ਜੀ ਮੁਕਤਾ)

Sri Satguru Jagjit Singh Ji Elibrary NamdhariElibrary@gmail.com

## ( ਸਾਖੀ ) (ਜੱਸ ਜੀਵਨ ਗ੍ਰੰਥ ਵਿਚੋਂ)

ਇਕ ਸਮੇਂ ਭੰਗਾਵੀ ਨਗਰ ਦੀ ਸੰਗਤ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਮੇਲੇ ਦੀ ਮਨਜ਼ੂਰੀ ਲਈ। ਮੇਲੇ ਵਾਸਤੇ "ਉਗਰਾਹੀ" ਦੀ ਸੇਵਾ ੫-੬ ਸਰੀਰ ਕਰ ਰਹੇ ਸਨ। ਇਨਾਂ ਸਰੀਰਾਂ ਵਿਚ ਇਕ ਸਰੀਰ ਨੱਥਾ ਸਿੰਘ ਪਹਿਲਵਾਨ ਵੀ ਸੀ। ਜਦੋਂ ਇਹ ਸਰੀਰ ਉਗਰਾਹੀ ਕਰ ਰਹੇ ਸਨ, ਇਕ ਰੰਗੋ ਰਾੜ ਜੱਜ, ਸ: ਸੁਰੇਤ ਸਿੰਘ ਜੀ ਨੇ ਇਨਾਂ ਨੂੰ ਪੁੱਛਿਆ ਕਿ ਤੁਸੀਂ ਕਿਹੜੇ ਗੁਰੂ ਨੂੰ ਸੱਦ ਕੇ ਮੇਲਾ ਕਰਨਾ ਚਾਹੁੰਦੇ ਹੋ? ਐਵੇਂ ਨ ਕਿਸੇ ਭੇਖੀ ਗੁਰੂ ਪਿੱਛੇ ਲਗੇ ਫਿਰੋ। ਅਸਲ ਵਿਚ ਤਾਂ ਦੇਹਧਾਰੀ ਗੁਰੂ ਹੁਣ ਹੈ ਨਹੀਂ। ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਦੇਹਧਾਰੀ ਗੁਰੂ ਪਰੰਪਰਾ ਹਮੇਸ਼ਾ ਲਈ ਖਤਮ ਕਰਕੇ, ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਬਖਸ਼ ਦਿੱਤੀ ਸੀ।

ਇਹ ਸੁਣ ਕੇ ਪਹਿਲਵਾਨ ਨੱਥਾ ਸਿੰਘ ਨੇ ਕਿਹਾ, "ਜਦੋਂ ਸਤਿਗੁਰੂ ਜੀ ਇੱਥੇ ਆਉਣਗੇ, ਤੁਸਾਂ ਆਪੇ ਹੀ ਪਰਖ ਕਰ ਲੈਣੀ। ਵਾਧੂ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ।"

ਫਿਰ ਸੁਰੇਤ ਸਿੰਘ ਨੇ ਕਿਹਾ, "ਮੈਂ ਤਾਂ ਪਰਖ ਕਰਕੇ ਮੰਨਾਂਗਾ, ਮੈਂ ਭੇਡ ਚਾਲ ਕਿਸੇ ਨੂੰ ਗੁਰੂ ਮੰਨਣ ਨੂੰ ਤਿਆਰ ਨਹੀਂ।"

ਮਿਥੀ ਹੋਈ ਤਾਰੀਖ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਪਣੇ ਸੇਵਕਾਂ ਸਮੇਤ ਭੰਗਾਵੀ ਦਰਸ਼ਨ ਦਿੱਤੇ। ਬੜੀ ਸੰਗਤ ਦਰਸ਼ਨ ਕਰਨ ਵਾਸਤੇ ਆਈ ਸੀ। ਦੀਵਾਨ ਦੇ ਸਮੇਂ ਸ: ਸੁਰੇਤ ਸਿੰਘ ਵੀ ਆਇਆ ਸੀ, ਉਹ ਅੰਦਰ ਨ ਗਿਆ ਬਾਹਰ ਕਿਤੇ ਖਲੋਤਾ ਹੋਇਆ ਸੀ। ਪਹਿਲਵਾਨ ਨੱਥਾ ਸਿੰਘ ਨੇ ਉਹਦੇ ਕੋਲ ਜਾ ਕੇ ਹੌਲੀ ਜਹੀ ਕਿਹਾ, "ਸਰਦਾਰ ਜੀ, ਤੁਸੀਂ ਵੀ ਅੰਦਰ ਜਾ ਕੇ ਦਰਸ਼ਨ ਕਰੋ, ਨਾਲੇ ਅਪਣੇ ਮਨ ਦੀ ਵੀ ਤਸੱਲੀ ਕਰ ਲੈਣੀ।"

ਸ: ਸੁਰੇਤ ਸਿੰਘ ਨੇ ਕਿਹਾ, "ਮੈਂ ਦੀਵਾਨ ਵਿਚ ਤਾਂ ਜਾਂਦਾ ਹਾਂ ਪਰ ਤੁਹਾਡੇ ਵਾਂਗੂ ਮੈਂ ਮੱਥਾ ਨਹੀਂ ਟੇਕਣਾ, ਐਵੇਂ ਸਰਸਰੀ ਸਤਿ ਸ੍ਰੀ ਅਕਾਲ ਬੁਲਾਵਾਂਗਾ, ਅਤੇ ਓਸ ਸਮੇਂ ਮੈਂ ਕੋਈ ਗੱਲ ਵੀ ਨਹੀਂ ਕਰਨੀ।"

ਸੁਰੇਤ ਸਿੰਘ ਜਦੋਂ ਦਰਸ਼ਨ ਕਰਨ ਵਾਸਤੇ ਅੰਦਰ ਗਿਆ ਤਾਂ ਅਪਣੀ ਸਾਰੀ ਸੁਰਤ ਹੀ ਭੁਲ ਗਿਆ। ਸਤਿਗੁਰੂ ਜੀ ਨੇ ਐਸੀ ਮੇਹਰ ਭਰੀ ਤਕਣੀ ਨਾਲ ਤੱਕਿਆ ਕਿ ਸੁਰਤ ਸਿੰਘ ਨੂੰ ਯਾਦ ਹੀ ਨ ਰਿਹਾ ਕਿ ਮੈਂ ਮਥਾ ਨਹੀਂ ਟੇਕਣਾ

**ਦਰਸ਼ਨ ਦੇਖਤ ਹੀ, ਸੁਧ ਕੀ ਨ ਸੁਧ ਰਹੀ,**
**ਬੁਧ ਕੀ ਨ ਬੁਧ ਰਹੀ ਮਤਿ ਮੈ ਨ ਮਤਿ ਹੈ।**

ਉਸਨੇ ਬੜੇ ਅਦਬ ਨਾਲ ਦੋਵੇਂ ਗੋਡੇ ਮੂਧੇ ਮਾਰ ਕੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਮੱਥਾ ਟੇਕ ਕੇ ਜਦੋਂ ਪਿੱਛੇ ਮੁੜਨ ਲਗਾ ਤਾਂ

ਮਿਨ ਬੋਲਣੜੇ ਸਤਿਗੁਰੂ ਜੀ ਨੇ ਕਿਹਾ, "ਸਰਦਾਰ ਜੀ, ਕੋਈ ਗੱਲ ਤਾਂ ਨਹੀਂ ਕਰਨੀ।" ਇਹ ਸੁਣਦਿਆਂ ਸਾਰ ਹੀ ਸਾਰੇ ਸ਼ੰਕੇ ਦੂਰ ਹੋ ਗਏ ਅਤੇ ਸ੍ਰ: ਸੁਚੇਤ ਸਿੰਘ ਨੇ ਭਰੇ ਦੀਵਾਨ ਵਿਚ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕੇ ਹੇ ਗ੍ਰੀਬਨਿਵਾਜ ਸਤਿਗੁਰੂ ਜੀ, ਜਿਥੇ ਅਗੇ ਏਨੀ ਕਿਰਪਾ ਕੀਤੀ ਜੇ, ਹੁਣ ਭਜਨ ਦੀ ਦਾਤਿ ਵੀ ਬਖਸ਼ੋ ਅਤੇ ਅਪਣਾ ਸਿੱਖ ਬਣਾ ਲਉ।" ਸ੍ਰੀ ਸਤਿਗੁਰੂ ਜੀ ਨੇ ਮਾਸ ਸ਼ਰਾਬ ਛੁੜਾ ਕੇ ਅਪਣੇ ਕੋਲ ਬੈਠੇ ਸੰਤ ਬਹਾਦਰ ਸਿੰਘ ਜੀ ਕੋਲੋਂ ਭਜਨ ਦਿਵਾਇਆ। ਭਜਨ ਪੁੱਛਣ ਤੋਂ ਪਿਛੋਂ ਸ੍ਰ: ਸੁਚੇਤ ਸਿੰਘ ਜੀ ਨੇ ਮਹਿਸੂਸ ਕੀਤਾ: "ਮੈਂ ਹੋ ਗਈ ਹੋਰ ਦੀ ਹੋਰ"

ਭਜਨ ਪੁੱਛ ਕੇ ਜਦੋਂ ਬਾਹਰ ਆਏ ਤਾਂ ਪਹਿਲਵਾਨ ਨੱਥਾ ਸਿੰਘ ਨੇ ਪੁੱਛਿਆ, "ਸੁਣਾਓ ਸਰਦਾਰ ਜੀ, ਘਰ ਪੂਰਾ ਹੋ ਗਿਆ ਹੈ ਕਿ ਨਹੀਂ?"

ਸੁਚੇਤ ਸਿੰਘ ਨੇ ਕਿਹਾ, "ਪਹਿਲਵਾਨਾ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤਾਂ ਸੱਚੇ ਅਤੇ ਪੂਰੇ ਗੁਰੂ ਹਨ

ਜੈਸਾ ਸਤਿਗੁਰੁ ਸੁਣੀਦਾ
ਤੈਸੋ ਹੀ ਮੈ ਡੀਠੁ।

ਪਹਿਲਵਾਨਾ, ਮੈਂ ਤਾਂ ਐਂਵੇਂ ਹੀ ਇਨਾਂ ਚਿਰ ਭੁਲਿਆ ਰਿਹਾ ਹਾਂ। ਨਾਲੇ ਮੈਨੂੰ ਖਿਮਾ ਕਰੀਂ ਜਿਹੜੇ ਮੈਂ ਸ੍ਰੀ ਸਤਿਗੁਰੂ ਜੀ ਦੀ ਸ਼ਾਨ ਵਿਚ ਅਯੋਗ ਸ਼ਬਦ ਵਰਤੇ ਸਨ।

( ਸਾਖੀ ) (ਸੰਤ ਜਗਜੀਤ ਸਿੰਘ ਜੀ ਅਜ਼ਾਦ

ਇਕ ਸਮੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਲਿਜੁਗੀ ਜੀਵਾਂ ਦਾ ਉਦਾਰ ਕਰਨ ਵਾਸਤੇ ਲਾਹੌਰ ਤੋਂ ਸਰਗੋਧੇ ਵਲ ਜਾ ਰਹੇ ਸਨ। ਦਰਿਆ ਰਾਵੀ ਦਾ ਪੁਲ ਪਾਰ ਕਰਕੇ ਸ਼ਾਹਦਰੇ ਤੋਂ ਅਜੇ ਥੋੜੀ ਹੀ ਦੂਰ ਅਗੇ ਗਏ ਸਨ ਕਿ ਕਉਤਕੀ ਸਤਿਗੁਰੂ ਜੀ ਨੇ ਡਰਾਈਵਰ ਨੂੰ ਕਾਰ ਰੋਕਣ ਦਾ ਹੁਕਮ ਕੀਤਾ। ਡਰਾਈਵਰ ਨੇ ਸੜਕ ਦੇ ਇਕ ਪਾਸੇ ਕਾਰ ਖਲਾਰ ਦਿੱਤੀ। ਸੱਚੇ ਪਾਤਸ਼ਾਹ ਜੀ ਨੇ ਕਾਰ ਤੋਂ ਬਾਹਰ ਨਿਕਲ ਕੇ, ਅਪਣੇ ਨਾਲ ਜਾ ਰਹੇ ਸੇਵਕਾਂ ਨੂੰ ਵੀ ਕਾਰ ਤੋਂ ਬਾਹਰ ਨਿਕਲ ਆਉਣ ਦਾ ਹੁਕਮ ਕੀਤਾ। ਫਿਰ ਇਕ ਸੇਵਕ ਨੂੰ ਕਿਹਾ ਕਿ ਹੁਣੇ ਹੀ ਥੋੜੀ ਦੇਰ ਤਕ ਇਕ ਮੋਟਰ ਕਾਰ ਐਸ ਰੰਗ ਦੀ ਅਤੇ ਐਸ ਨੰਬਰ ਦੀ (ਰੰਗ ਅਤੇ ਨੰਬਰ ਯਾਦ ਨਹੀਂ) ਲਾਹੌਰ (LAHORE) ਵਲੋਂ ਆ ਰਹੀ ਹੋਵੇਗੀ। ਤੂੰ ਹੱਥ ਦਾ ਇਸ਼ਾਰਾ ਕਰ ਕੇ ਖੜ੍ਹੀ ਕਰਾਈਂ। ਉਸ ਕਾਰ ਵਿਚ ਸ੍ਰ: ਸੁੰਦਰ ਸਿੰਘ ਜੀ ਮਜੀਠੀਆ ਹੋਣਗੇ। ਉਨ੍ਹਾਂ ਨੂੰ ਮੇਰਾ ਪਤਾ ਦੇਣਾ ਅਤੇ ਨਾਲ ਲੈ ਕੇ ਮੇਰੇ ਕੋਲ ਆ ਜਾਣਾ। ਅਸੀਂ ਉਸ ("ਹੱਥ ਨਾਲ ਇਸ਼ਾਰਾ ਕਰ ਕੇ) ਸੰਘਣੀ ਛਾਂ ਵਾਲੇ ਰੁੱਖ ਥੱਲੇ ਜਾ ਕੇ ਬਹਿੰਦੇ ਹਾਂ। ਉਸ ਸੇਵਕ ਨੂੰ ਚੰਗੀ ਤਰਾਂ ਸਮਝਾ ਕੇ, ਸਤਿਗੁਰੂ ਜੀ, ਬਾਕੀ ਦੇ ਸੇਵਕਾਂ ਸਮੇਤ ਦੱਸੇ ਹੋਏ ਰੁੱਖ ਦੀ ਛਾਵੇਂ, ਸਾਦਾ ਜਿਹਾ ਕਪੜਾ ਵਿਛਾ ਕੇ ਜਾ ਬੈਠੇ।

ਥੋੜੀ ਦੇਰ ਪਿਛੋਂ ਜਦੋਂ ਦੱਸੀ ਹੋਈ ਕਾਰ ਉਥੋਂ ਲੰਘਣ ਲੱਗੀ ਤਾਂ ਸੇਵਕ ਨੇ ਹੱਥ ਦੇ ਇਸ਼ਾਰੇ ਨਾਲ ਉਹ ਕਾਰ ਰੋਕ ਲਈ। ਕਾਰ ਵਿਚ ਬੈਠੀਆਂ ਹੋਈਆਂ ਸਵਾਰੀਆਂ ਕਾਰ ਨੂੰ ਰੋਕਣ ਕਰਕੇ ਬੜੀਆਂ ਹੈਰਾਨ ਹੋਈਆਂ ਅਤੇ ਕਾਰ ਰੋਕਣ ਵਾਲੇ ਨੂੰ ਕਾਰਨ ਪੁੱਛਿਆ। ਕਾਰ ਰੋਕਣ ਵਾਲੇ ਸੇਵਕ ਨੇ, ਕਾਰ ਵਿਚ ਬੈਠੇ ਹੋਏ ਆਦਮੀਆਂ ਵਿਚੋਂ ਸ: ਸੁੰਦਰ ਸਿੰਘ ਨੂੰ ਪਛਾਣ ਲਿਆ ਅਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਰਦਾਰ ਜੀ, ਤੁਹਾਨੂੰ ਉਹ ਦਰਖਤ ਦੀ ਛਾਵੇਂ ਬੈਠੇ ਹੋਏ ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਨੇ ਯਾਦ ਕੀਤਾ ਹੈ। ਸਤਿਗੁਰੂ ਜੀ ਦਾ ਨਾਉਂ ਸੁਣ ਕੇ, ਸ: ਸੁੰਦਰ ਸਿੰਘ ਜਿੱਥੇ ਬੜਾ ਖੁਸ਼ ਹੋਇਆ ਉੱਥੇ ਹੈਰਾਨ ਵੀ ਬੜਾ ਹੋਇਆ। ਖੁਸ਼ ਤਾਂ ਇਸ ਲਈ ਹੋਇਆ ਸੀ ਕਿ ਸਤਿਗੁਰੂ ਜੀ ਨੇ ਯਾਦ ਕੀਤਾ ਹੈ ਅਤੇ ਹੈਰਾਨ ਇਸ ਵਾਸਤੇ ਸੀ ਕਿ ਇਨ੍ਹਾਂ ਨੂੰ ਕਿਸ ਤਰ੍ਹਾਂ ਪਤਾ ਸੀ ਕਿ ਅਸੀਂ ਇਸ ਵੇਲੇ ਇਸ ਥਾਂ ਤੋਂ ਲੰਘ ਰਹੇ ਹੋਵਾਂਗੇ। ਫਿਰ ਯਾਦ ਆਇਆ ਕਿ ਐਵੇਂ ਤੇ ਨਹੀਂ ਲਖਾਂ ਆਦਮੀ ਇਨ੍ਹਾਂ ਦੀ ਪੂਜਾ ਕਰਦੇ ਇਹ

**ਘਟ ਘਟ ਕੇ ਅੰਤਰ ਕੀ ਜਾਨਤ** ਵਾਲੇ ਹਨ।

ਖੈਰ, ਅਪਣੇ ਸਾਥੀਆਂ ਨੂੰ ਕਾਰ ਵਿਚ ਬੈਠਿਆਂ ਛੱਡ ਕੇ, ਸਰਦਾਰ ਜੀ ਉਸ ਸੇਵਕ ਨਾਲ ਟੁਰ ਪਏ ਅਤੇ ਦਰਖਤ ਦੀ ਛਾਵੇਂ ਬੈਠੇ ਹੋਏ ਸ੍ਰੀ ਸਤਿਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਜਾ ਨਮਸਕਾਰ ਕੀਤੀ। ਜੰਗਲ ਵਿਚ ਮੰਗਲ ਬਣਿਆ ਅਨੁਭਵ ਕਰ ਕੇ ਬੜੇ ਖੁਸ਼ ਹੋਏ। ਆਪਣੀ ਜੇਬ ਵਿਚੋਂ ਕੋਰਾ ਕਾਗਜ਼ ਕੱਢ ਕੇ ਅਪਣੇ ਪੈਨ (Pen) ਨਾਲ ਉਰਦੂ (Urdu) ਵਿਚ ਲਿਖਿਆ (ہمارے پیر جی بیٹھے ہیں۔ اگر دیدار کرنا چاہو تو جلدی آؤ) ਹਮਾਰੇ ਪੀਰ ਜੀ ਬੈਠੇ ਹੈਂ, ਅਗਰ ਦੀਦਾਰ ਕਰਨਾ ਚਾਹੋ ਤੋ ਜਲਦੀ ਆਓ। ਇੰਨਾ ਲਿਖ ਕੇ, ਇਹ ਰੁੱਕਾ ਉਸੇ ਸੇਵਕ ਦੇ ਹੱਥ ਕਾਰ ਵਿਚ ਬੈਠੇ ਹੋਏ ਸਰ ਖਿਜ਼ਰ ਹਯਾਤ ਖਾਂ ਟਿਵਾਨਾ ਨੂੰ ਭੇਜ ਦਿੱਤਾ। ਟਿਵਾਣਾ ਜੀ ਨੇ ਰੁੱਕਾ ਪੜ੍ਹਿਆ, ਪੜ੍ਹ ਕੇ ਬਹੁਤ ਖੁਸ਼ ਹੋਏ। ਰੁੱਕੇ ਨੂੰ ਅਦਬ ਵਜੋਂ ਅਪਣੇ ਮੱਥੇ ਨੂੰ ਛੁਹਾਇਆ। ਉਸੇ ਵਕਤ ਅਪਣੀ ਪਗ ਉਤਾਰ ਕੇ ਸੀਟ ਤੇ ਰਖ ਦਿੱਤੀ, ਬੂਟ ਅਤੇ ਜਰਾਬਾਂ ਲਾਹ ਕੇ ਨੰਗੇ ਪੈਰੀਂ ਸਤਿਗੁਰੂ ਜੀ ਵਲ ਟੁਰ ਪਏ ਸਤਿਗੁਰੂ ਜੀ ਦੇ ਸਾਮ੍ਹਣੇ ਜਾ ਕੇ ਬੜੇ ਅਦਬ ਨਾਲ ਸਿਰ ਨਿਵਾ ਕੇ ਸਿਜਦਾ ਕੀਤਾ। ਅਗੋਂ

"ਗੋਬਿੰਦ ਭਾਉ ਭਗਤਿ ਦਾ ਭੁਖਾ"

ਅਨੁਸਾਰ ਸਤਿਗੁਰੂ ਜੀ ਬੜੇ ਖੁਸ਼ ਹੋਏ ਅਤੇ ਟਿਵਾਨਾ ਜੀ ਦੀ ਦਿਲੀ ਖਾਹਸ਼ ਜਾਣ ਕੇ ਉਸਨੂੰ ਅਪਣੇ ਕਰ ਕੰਵਲ ਨਾਲ ਥਾਪੀ ਦਿੱਤੀ ਅਤੇ ਫਿਰ ਉਹੀ ਕਰ ਕੰਵਲ ਟਿਵਾਨਾ ਜੀ ਦੇ ਸਿਰ ਤੇ ਰਖ ਕੇ ਅਸ਼ੀਰਵਾਦ ਦਿੱਤੀ। ਜਿਹੜੀ ਖੁਸ਼ੀ ਉਸ ਸਮੇਂ ਟਿਵਾਨਾ ਜੀ ਨੂੰ ਹੋਈ, ਉਹ ਇਹ ਕਲਮ ਲਿਖ ਨਹੀਂ ਸਕਦੀ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੂੰ ਅੰਤਰਜਾਮੀ ਸਮਝਕੇ ਟਿਵਾਣਾ ਜੀ ਦਾ ਮਨ ਖੁਸ਼ੀ ਨਾਲ ਪ੍ਰਫੁਲਤ ਹੋ ਗਿਆ ਅਤੇ ਨੇਤਰਾਂ ਵਿਚੋਂ ਜਲ ਦੇ ਕਤਰੇ ਵੀ ਗਿਰ ਪਏ। ਸਾਰਾ ਵਾਤਾਵਰਨ ਹੀ ਰਸਭਿੰਨਾ ਹੋ ਗਿਆ।

ਇਹ ਸਭ ਕੁਝ ਵੇਖਕੇ ਸ: ਸੁੰਦਰ ਸਿੰਘ ਜੀ ਕੋਲੋਂ ਰਿਹਾ ਨ ਗਿਆ। ਉਨ੍ਹਾਂ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ, "ਹੇ ਗਰੀਬ ਨਿਵਾਜ ਜੀ, ਤੁਹਾਡੀਆਂ ਕੁਦਰਤਾਂ ਨਿਆਰੀਆਂ ਹਨ, ਮੈਂ ਤਾਂ ਆਪ ਜੀ ਦਾ ਬਹੁਤ ਪੁਰਾਣਾ ਮਿਲਣ ਵਾਲਾ ਹਾਂ, ਮੇਰੇ ਤੇ ਅੱਜ ਤਕ ਐਸੀ ਕਿਰਪਾ ਨਹੀਂ ਹੋਈ ਜਿਹੜੀ ਕਿ ਟਿਵਾਣਾ ਸਾਹਿਬ ਤੇ ਪਹਿਲੀ ਵਾਰ ਹੀ ਦਰਸ਼ਨ ਕਰਨ ਤੇ ਹੋ ਗਈ ਹੈ, ਕਿਰਪਾ ਕਰੋ ਦਾਸ ਤੇ ਵੀ ਬਖਸ਼ਸ਼ ਕਰੋ।" ਇੰਨੀ ਅਰਜ ਕਰਕੇ ਸਰਦਾਰ ਜੀ ਨੇ ਥਾਪੀ ਲੈਣ ਦੀ ਖਾਹਸ਼ ਨਾਲ ਆਪਣੀ ਕੰਡ ਝੁਕਾਈ। ਕਿਰਪਾ ਨਿਧਾਨ ਸਤਿਗੁਰੂ ਜੀ ਹੱਸ ਪਏ ਅਤੇ ਹੱਸਦਿਆਂ ਹੱਸਦਿਆਂ ਹੀ ਆਪਣੀ ਗਲਵਕੜੀ ਵਿਚ ਲੈ ਲਿਆ ਅਤੇ ਬੜੇ ਪ੍ਰੇਮ ਨਾਲ ਥਾਪੀ ਦੇਂਦਿਆਂ ਦੇਂਦਿਆਂ ਸੜਕ ਵਲ ਨੂੰ ਤੁਰ ਪਏ। ਜਦੋਂ ਕਾਰਾਂ ਕੋਲ ਪਹੁੰਚੇ ਤਾਂ ਸਰ ਖਿਜਰ ਹਯਾਤ ਖਾਂ ਜੀ ਨੇ ਸ: ਸੁੰਦਰ ਸਿੰਘ ਜੀ ਨੂੰ ਇਕ ਅਨੋਖੇ ਅੰਦਾਜ ਵਿਚ ਕਿਹਾ, "ਸਰਦਾਰ ਜੀ

ਯਿਹ (ਇਹ) ਸਿਰਫ ਤੁਮ੍ਹਾਰੇ ਹੀ ਗੁਰੂ ਨਹੀਂ ਹੈਂ (ਹਨ)

ਯਹ (ਇਹ) ਤੋ ਹਮਾਰੇ ਭੀ (ਵੀ) ਪੀਰ ਜੀ ਹੈਂ (ਹਨ)

**ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ**

**ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ।**

Sri Satguru Jagjit Singh Ji Elibrary NamdhariElibrary@gmail.com

( ਸਾਖੀ )

ਪੰਡਿਤ ਰਜਿੰਦਰ ਸਿੰਘ ਜੀ ਗੁਰੂ ਸਰ ਵਾਲਿਆਂ ਇਕ ਲੇਖ ਵਿਚ ਲਿਖਿਆ ਸੀ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਇਕ ਗਊ ਦੇ ਦੋ ਵੇਲੇ ਦਾ ਅਠਾਰਾਂ ਸੇਰ ਦੁੱਧ ਵੇਖਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਤਿਗੁਰੂ ਜੀ ਨੇ ਪੰਡਿਤ ਰਜਿੰਦਰ ਸਿੰਘ ਜੀ ਨੂੰ ਦਸਿਆ ਸੀ :- ਇਸ ਤੋਂ ਪਹਿਲਾਂ ਮੈਂ ਗਾਂ ਨੂੰ ਮੱਝ ਬਕਰੀ ਦੀ ਤਰ੍ਹਾਂ ਦੁੱਧ ਦੇਣ ਵਾਲਾ ਸਾਧਾਰਣ ਪਸ਼ੂ ਹੀ ਸਮਝਦਾ ਸਾਂ। ਜਦੋਂ ਮੈਂ ਨਜ਼ਦੀਕੋਂ ਕੇ ਗਾਂ ਦੀ ਇਹ ਕਰਾਮਾਤ ਵੇਖੀ, ਮੇਰਾ ਸੀਸ ਸ਼ਰਧਾ ਨਾਲ ਝੁਕ ਗਿਆ ਅਤੇ ਉਸ ਦਿਨ ਤੋਂ ਮੈਂ ਰਿਸ਼ੀਆਂ ਮੁਨੀਆਂ ਦੇ ਇਸ ਵਾਕ ਨੂੰ ਸਹੀ ਰੂਪ ਵਿਚ ਪ੍ਰਤੱਖ ਅਜ਼ਮਾ ਲਿਆ ਕਿ ਗਊ ਇਕ ਦੁੱਧ ਦੇਣ ਵਾਲਾ ਪਸ਼ੂ ਹੀ ਨਹੀਂ, ਸਗੋਂ ਇਨਸਾਨੀਅਤ ਦੀ ਪ੍ਰਤੀਪਾਲਕ ਵੀ ਹੈ ਅਤੇ ਮੈਂ ਇਸ ਨੂੰ ਗਊ ਮਾਤਾ ਦੇ ਰੂਪ ਵਿਚ ਸਵੀਕਾਰ ਕਰ ਲਿਆ।

ਗਊ ਦੇ ਗੁਣਾਂ ਕਰਕੇ ਹੀ ਸਾਡੇ ਧਾਰਮਕ ਗ੍ਰੰਥਾਂ ਵਿਚ ਇਸ ਨੂੰ ਗਊ ਮਾਤਾ ਕਰਕੇ ਲਿਖਿਆ ਗਿਆ ਹੈ ਅਤੇ ਇਸ ਦੀ ਸੇਵਾ ਅਤੇ ਰਖਿਆ ਕਰਨ ਵਾਸਤੇ ਸਿੱਖਿਆ ਦਿੱਤੀ ਹੈ

ਗਊ ਚੌਦਵਾਂ ਰਤਨ ਹੈ ਕਾਮਧੇਨ ਤਿਹ ਨਾਮ।
ਪੂਜਨ ਸਭ ਅਵਤਾਰ ਤਿਹ, ਕਰਕੇ ਮਾਤ ਸਮਾਨ।

ਦੁਆਪਰ ਜੁਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਚੰਦਰ ਜੀ ਮਹਾਰਾਜ ਲੋਕਾਂ ਨੂੰ ਸਿੱਖਿਆ ਦੇਣ ਵਾਸਤੇ ਆਪ ਗਊਆਂ ਚਾਰਦੇ ਰਹੇ। ਜਿਸ ਤਰ੍ਹਾਂ ਲਿਖਿਆ ਹੈ

ਬਿੰਦ੍ਰਾ ਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ
ਰਬਾਵ ਬੈਨੁ ਬਜਾਵੈ ਗੋਪਨ ਰਰੈ ਨਾਮੇ ਕਾ ਸੁਆਮੀ ਆਨਦ ਕਰੈ

ਗਊਆਂ ਚਾਰਨ ਕਰਕੇ ਹੀ ਆਪ ਜੀ ਨੂੰ ਸ੍ਰੀ ਕ੍ਰਿਸ਼ਨ ਗੋਪਾਲ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ

ਕਲਿਜੁਗ ਵਿਚ ਜਦੋਂ ਤੁਰਕ ਗਊਆਂ ਨੂੰ ਬੇਦਰਦੀ ਨਾਲ ਕਤਲ ਕਰਨ ਲਗ ਪਏ ਤਾਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਕ ਥਾਂ ਤੇ ਅਕਾਲ ਪੁਰਖ ਅਗੇ ਇਹ ਅਰਦਾਸ ਕੀਤੀ

ਯਹੀ ਬੇਨਤੀ ਖਾਸ ਹਮਾਰੀ ਸੁਨੀਜੈ
ਅਸੁਰ ਮਾਰ ਕਰ ਰੱਛਾ ਗਊਅਨ ਕਰੀਜੈ

NO. 28

DATE

ਅਤੇ ਦੂਜੇ ਪਾਸੇ ਤੁਰਕਾਂ ਨੂੰ ਸੋਧਣ ਲਈ ਅਤੇ ਤੁਰਕ ਰਾਜ ਖਤਮ ਕਰਨ ਲਈ ਤੁਰਕਾਂ ਨਾਲ ਲੜਾਈਆਂ ਵੀ ਲੜੀਆਂ ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵੀ ਗਊਆਂ ਨੂੰ ਪਿਆਰ ਕਰਿਆ ਕਰਦੇ ਸਨ । ਆਪ ਜੀ ਦੀ ਸਿੱਖਿਆ ਹੈ ਕਿ ਪਸ਼ੂਆਂ ਨੂੰ ਮਾਰਨ ਬਾਰੇ ਨ ਸੋਚੋ, ਮਾਰਨ ਦਾ ਕੰਮ ਤਾਂ ਪ੍ਰਕਿਰਤੀ ਆਪੇ ਹੀ ਕਰਦੀ ਜਾਂਦੀ ਹੈ, ਸਗੋਂ ਉਨ੍ਹਾਂ ਨੂੰ ਜਿਵਾਣ ਅਤੇ ਉਨ੍ਹਾਂ ਦੀ ਉੱਨਤੀ ਬਾਰੇ ਸੋਚੋ ।

ਸਤਿਗੁਰੂ ਜੀ ਦੀ ਅਪਣੀ ਪਸ਼ੂਸ਼ਾਲਾ ਵਿਚ ਤਾਂ ਗਊ ਸੇਵਾ ਅਤੇ ਗਊ ਨਸਲ ਸੁਧਾਰ ਦਾ ਕੰਮ ਹੁੰਦਾ ਹੀ ਰਹਿੰਦਾ ਹੈ ਪਰ ਦੂਜਿਆਂ ਨੂੰ ਸਿੱਖਿਆ ਦੇਣ ਵਾਸਤੇ ਸਤਿਗੁਰੂ ਜੀ ਦੂਜੀਆਂ ਸਰਕਾਰੀ ਅਤੇ ਗੈਰ ਸਰਕਾਰੀ ਗਊਸ਼ਾਲਾਵਾਂ ਵਿਚ ਵੀ ਜਾਇਆ ਕਰਦੇ ਸਨ ।

ਇਕ ਵਾਰ ਆਪ ਜੀ ਅਪਣੇ ਸੇਵਕਾਂ ਸਮੇਤ ਦਿਲੀ ਵਿਚ ਪੂਸਾ ਡੇਰੀ ਫਾਰਮ ਗਊਆਂ ਦਾ ਦੇਖਣ ਗਏ । ਉੱਥੇ ਜਾ ਕੇ ਊਧਮ ਸਿੰਘ ਨੂੰ ਭੇਜ ਕੇ ਡਾਕਟਰ ਨੂੰ ਬੁਲਵਾਇਆ । ਡਾਕਟਰ ਹੈ ਤਾਂ ਸਿਖ ਜਵਾਨ ਮੁੰਡਾ ਸੀ ਪਰ ਉਸ ਦੇ ਰਹਿਣ ਸਹਿਣ ਦਾ ਤਰੀਕਾ ਕੁਝ ਅੰਗਰੇਜੀ ਹੀ ਜਾਪਦਾ ਸੀ । ਉਸਨੇ ਆ ਕੇ ਮੱਥਾ ਟੇਕਣ ਤੇ ਕਿਤੇ ਰਿਹਾ, ਸਤਿ ਸ੍ਰੀ ਅਕਾਲ ਵੀ ਨਾ ਬੁਲਾਈ । ਆਪਣੀ ਆਦਤ ਮੁਤਾਬਕ ਉਸ ਨੇ ਇਕ ਹੱਥ ਤਾਂ ਪਤਲੂਨ ਦੀ ਜੇਬ ਵਿਚ ਹੀ ਰੱਖਿਆ ਅਤੇ ਇਕ ਹੱਥ ਸਤਿਗੁਰੂ ਜੀ ਦੇ ਹੱਥ ਨਾਲ ਮਿਲਾਇਆ । ਕੋਲ ਖਲੋਤੇ ਸਿੱਖ ਦੁਖੀ ਤਾਂ ਹੋਏ ਪਰ ਭਾਈ ਵਜੀਰ ਸਿੰਘ ਜੀ ਦੇ ਇਸ਼ਾਰੇ ਨੇ ਸਭ ਨੂੰ ਸ਼ਾਂਤ ਹੀ ਰੱਖਿਆ ।

ਸਤਿਗੁਰੂ ਜੀ ਨੇ ਡਾਕਟਰ ਦੇ ਨਾਲ ਗਊਆਂ, ਬੈਲਾਂ ਅਤੇ ਵੱਛਿਆਂ ਦੇ ਸਾਰੇ ਕਮਰੇ ਵੇਖੇ ਅਤੇ ਫਿਰ ਜਦੋਂ ਆਪ ਜੀ, ਵੱਛਿਆਂ ਦੀ ਇਕ ਖਾਸ ਵਲਗਣ ਵੱਲ ਉਤਰਨ ਲੱਗੇ ਤਾਂ ਡਾਕਟਰ ਨੇ ਕਿਹਾ, " ਆਪ ਇਧਰ ਨ ਜਾਓ, ਇਹ ਸਾਰੇ ਹੀ ਵਿਹੜੇ ਮਾਰਨ ਵਾਲੇ ਹਨ, ਅਸਾਂ ਇਨ੍ਹਾਂ ਨੂੰ ਵਖਰਿਆਂ ਹੀ ਰਖਿਆ ਹੋਇਆ ਹੈ ।"

ਨਿਡਰ ਸਤਿਗੁਰੂ ਜੀ ਨੇ ਕਿਹਾ, " ਆਸ ਹੈ ਕਿ ਮੈਨੂੰ ਨਹੀ ਮਾਰਨਗੇ ।" ਇੰਨਾ ਬਚਨ ਕਰਦਿਆਂ ਹੀ ਸਤਿਗੁਰੂ ਜੀ ਉਨ੍ਹਾਂ ਵੱਛਿਆਂ ਕੋਲ ਚਲੇ ਗਏ ਪਤਾ ਨਹੀਂ ਸਤਿਗੁਰੂ ਜੀ ਨੇ ਕੀ ਕਿਰਪਾ ਕੀਤੀ ਕਿ ਉਹ ਸਾਰੇ ਹੀ ਵੱਛੇ ਸਤਿਗੁਰੂ ਜੀ ਦਾ ਪਿਆਰ ਲੈਣ ਲਈ ਕਾਹਲੇ ਪੈ ਗਏ, ਕੋਈ ਵੱਛਾ ਹੱਥ ਚੱਟੇ, ਕੋਈ ਪੈਰ ਚੱਟੇ, ਕੋਈ ਨੇੜੇ ਹੋ ਕੇ ਸਤਿਗੁਰੂ ਜੀ ਤੋਂ ਪਿਠ ਅਤੇ ਮੱਥੇ ਤੇ ਪਿਆਰ ਲੈਣ ਲੱਗ ਪਿਆ ।

ਇਹ ਵੇਖਕੇ ਡਾਕਟਰ ਅਤੇ ਗਊਸ਼ਾਲੇ ਦੇ ਦੂਸਰੇ ਕਰਮਚਾਰੀ ਬੜੇ ਹੈਰਾਨ ਹੋਏ ਅਤੇ ਕਹਿਣ ਲੱਗੇ ਕਿ ਅੱਗੇ ਅੱਜ ਤਕ ਅਸਾਂ ਇਨ੍ਹਾਂ ਵੱਛਿਆਂ ਦੀ ਪ੍ਰੇਮ ਭਾਵਨਾ ਐਸੀ ਕਦੇ ਵੀ ਨਹੀਂ ਵੇਖੀ । ਸਾਰਿਆਂ ਨੇ ਸਤਿਕਾਰ ਸਹਿਤ ਮੱਥਾ ਟੇਕਿਆ ਅਤੇ ਕਹਿਣ ਲੱਗੇ ਕਿ ਸਾਡੇ ਧੰਨ ਭਾਗ, ਸਾਨੂੰ ਅੱਜ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਦਰਸ਼ਨ ਹੋ ਗਏ ਹਨ ।

Sri Satguru Jagjit Singh Ji Elibrary NamdhariElibrary@gmail.com

## ( ਨੌਵੀਂ ਸਾਖੀ )

## ਖ਼ਾਨਾਂ ਦਾ ਪੀਰ

(ਮਾਸਟਰ ਨਿਹਾਲ ਸਿੰਘ ਜੀ)

ਇਕ ਸਮੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਰਹੱਦੀ ਸੂਬੇ ਦਾ ਦੌਰਾ ਕਰਦੇ ਕਰਦੇ ਡੇਰਾ ਗਾਜ਼ੀ ਖਾਂ ਤੋਂ ਵੀ ਅੱਗੇ ਚਲੇ ਗਏ ਸਨ।

ਅਚਨਚੇਤ ਰਾਜਿੰਦਰ ਸਿੰਘ ਜੀ (ਡਰਾਈਵਰ) ਨੂੰ ਰੁਕ ਜਾਣ ਦਾ ਇਸ਼ਾਰਾ ਹੋਇਆ, ਗੱਡੀ ਰੁਕ ਗਈ। ਗ਼ਰੀਬ ਨਿਵਾਜ਼ ਜੀ ਮੁਸਕ੍ਰਾਉਂਦੇ ਹੋਏ ਗੱਡੀ ਤੋਂ ਬਾਹਰ ਚਰਨ ਰੱਖੇ। ਸਾਹਮਣੇ ਇਕ ਦੇਵ ਕੱਦ, ਸਫ਼ੈਦ ਰੀਸ਼, ਲਬਾਂ ਕਤਰੀਆਂ, ਮੋਟੇ ਨੇਤਰ, ਸਿਰ ਤੇ ਕੀਮਤੀ ਦੁਸ਼ਾਲਾ ਬੰਨ੍ਹੀ ਖੜਾ ਤੱਕਿਆ। ਮੋਟਰ ਨੂੰ ਰੁਕਦਿਆਂ ਵੇਖ ਉਸ ਦੇ ਪੈਰ ਵੀ ਅੱਗੇ ਵਧਣੋਂ ਰੁਕ ਗਏ। ਜਦ ਸਾਹਮਣੇ ਸੁੰਦਰ ਸੁਡੋਲ, ਹਸੂੰ ਹਸੂੰ ਕਰਦਾ ਸੁੰਦਰ ਚਿਹਰਾ, ਅਰਸ਼ੀ ਰੰਗ ਵਿਚ ਰੰਗੀਜੇ ਨੇਤਰਾਂ ਦੇ ਦੀਦਾਰੇ ਹੋਏ ਤਾਂ ਖਾਂ ਦੀ ਸੁਰਤ ਇਕ ਦਮ ਫ਼ਰਸ਼ ਤੋਂ ਉੱਠ ਅਰਸ਼ਾਂ 'ਤੇ ਚਲੀ ਗਈ। ਇਹ ਭੁਲ ਹੀ ਗਿਆ ਮੈਂ ਕੀ ਹਾਂ ? ਕਿੱਥੇ ਹਾਂ ? ਕਿਸ ਕੰਮ ਜਾ ਰਿਹਾ ਹਾਂ ? ਸਭ ਵਿੱਸਰ ਗਿਆ। ਪ੍ਰੇਮ ਭਰੇ ਦਿਲ ਨੇ ਉਛਾਲਾ ਖਾਧਾ, ਨੈਣ ਛਲਕ ਪਏ, ਨੀਰ ਦੀਆਂ ਧਾਰਾਂ ਨਦੀਆਂ ਨਿਆਈਂ ਵਹਿ ਤੁਰੀਆਂ। ਚਰਨਾਂ ਤੇ ਢਹਿ ਪਿਆ। ਹੁਣ ਉਠਾਏ ਕੌਣ ? ਸੁਰਤ ਮੰਜ਼ਲੋ ਮੰਜ਼ਲੀ ਚੌਦਾਂ ਤਬਕਾਂ ਤੋਂ ਉੱਪਰ ਚਲੀ ਗਈ। ਖ਼ਾਨ ਸਾਹਿਬ ਤਾਂ ਚਰਨਾਂ ਤੇ ਪਏ ਹੋਏ ਸਨ, ਮਗਰ ਖ਼ਾਨ ਸਾਹਿਬ ਨੂੰ ਹਰਕਤ ਦੇਣ ਵਾਲਾ ਵਿਹਲਾ ਨਹੀਂ ਸੀ। ਖ਼ਾਨ ਆਪੇ ਦੇ ਸੁਆਗਤ ਵਿਚ ਗੁਆਚ ਗਿਆ। ਆਲਾ ਦੁਆਲਾ ਇਕੱਠਾ ਹੋ ਗਿਆ। ਪਠਾਣਾਂ ਦਾ ਅਤੇ ਪਠਾਣੀਆਂ ਦਾ ਝੁਰਮਟ ਪੈ ਗਿਆ। ਸਭ ਸੋਚ ਰਹੇ ਸਨ। ਇਹ ਕੌਣ ਹਨ ? ਕਿਥੋਂ ਆਏ ਹਨ ? ਸਾਡੇ ਸਰਦਾਰ ਦੇ ਕੀ ਲੱਗਦੇ ਹਨ ? ਇਨ੍ਹਾਂ ਪ੍ਰਸ਼ਨਾਂ ਨੇ ਸਾਰਿਆਂ ਦੇ ਦਿਲਾਂ ਨੂੰ ਘੇਰ ਲਿਆ। ਸਰਦਾਰ ਨੇ ਹੰਝੂਆਂ ਨਾਲ ਅਰੇਮਾਹਿਬੂਬ ਤੇ ਮਾਬੂਦ ਦੇ ਚਰਨ ਧੋਤੇ। ਗ਼ਰੀਬ ਨਿਵਾਜ਼ ਜੀ ਨੇ ਖ਼ਾਨ ਦੀ ਪਿੱਠ ਤੇ ਮਿਹਰ ਭਰਿਆ ਹੱਥ ਧਰਿਆ ਤੇ ਬਚਨ ਕੀਤਾ, "ਸਰਦਾਰਾ! ਬੱਸ"

ਬੱਸ ਕਹਿਣ ਦੀ ਲੋੜ ਸੀ, ਸਰਦਾਰ ਨੇ ਮੱਥਾ ਚੁੱਕਿਆ ਤੇ ਸਤਿਗੁਰਾਂ ਨੂੰ ਜੱਫੇ ਵਿਚ ਲੈ ਲਿਆ ਅਤੇ ਰੱਜ ਕੇ ਘੁੱਟਿਆ। ਆਲੇ ਦੁਆਲੇ ਦੇ ਦਰਸ਼ਕ ਇਸ ਦ੍ਰਿਸ਼ ਨੂੰ ਤਕ ਵਿਸਮਾਦਤਾ ਵਿਚ ਚਲੇ ਗਏ। ਉਨ੍ਹਾਂ ਦੇ ਦਿਲਾਂ ਦੇ ਬੁੱਲ੍ਹ ਹਿਲ ਰਹੇ ਸਨ ਜੋ ਕਹਿ ਰਹੇ ਸਨ, "ਇਸ ਵਿਚ ਕੋਈ ਰਾਜ਼ ਹੈ" ਸਭ ਨਰ ਨਾਰੀਆਂ ਮੂਰਤੀਆਂ ਬਣੇ ਖਲੋਤੇ ਸਨ।

ਜਦੋਂ ਖ਼ਾਨ ਦੀਆਂ ਬਾਹਵਾਂ ਕੁਝ ਢਿੱਲੀਆਂ ਹੋਈਆਂ ਤਾਂ ਇਕ ਦਮ ਮੂੰਹੋਂ ਨਿਕਲਿਆ "ਹਜ਼ਰਤ ਬਾਬਾ ਨਾਨਕ!" ਇਹ ਕਹਿ ਸਿਰ ਤੋਂ ਦੁਸ਼ਾਲਾ ਲਾਹ ਧਰਤੀ ਤੇ ਪਟਕ ਮਾਰਿਆ ਤੇ ਫੇਰ ਅਦਬ ਨਾਲ ਵਿਛਾ ਦਿੱਤਾ। ਸਤਿਗੁਰਾਂ ਨੂੰ ਚਰਨ ਰੱਖਣ ਵਾਸਤੇ ਅਰਜ਼ ਕੀਤੀ। ਸਤਿਗੁਰਾਂ ਚਰਨ ਰੱਖੇ ਅਤੇ ਕਦਮ ਪੁੱਟੇ। ਖ਼ਾਨ ਨੇ ਫੇਰ ਦੁਸ਼ਾਲਾ ਚੁੱਕਿਆ ਤੇ ਵਿਛਾ ਦਿੱਤਾ। ਸਰਦਾਰ ਬੇਖ਼ੁਦੀ ਦਾ ਜਾਮ ਪੀ ਵਿਛਾਈ ਗਿਆ ਤੇ ਚੁੱਕੀ ਗਿਆ, ਵਿਛਾਈ ਗਿਆ ਤੇ ਚੁੱਕੀ ਗਿਆ। ਹੌਲੀ ਹੌਲੀ ਸਾਰਾ ਨਗਰ ਇਕੱਠਾ ਹੋ ਗਿਆ, ਖ਼ਾਸਾ ਜਲੂਸ ਬਣ ਗਿਆ। ਧੀਰੇ ਧੀਰੇ ਗ਼ਰੀਬ ਨਿਵਾਜ਼ ਜੀ ਸਰਦਾਰ ਬਹਾਦਰ ਖਾਂ ਦੇ ਘਰ ਪਹੁੰਚ ਗਏ।

Sri Satguru Jagjit Singh Ji Elibrary NamdhariElibrary@gmail.com

ਵਿਹੜੇ ਵਿਚ ਵੱਡਾ ਪਲੰਘ ਵਿਛ ਗਿਆ। ਖਾਨ ਵੀ ਕਦੀ ਇੱਧਰ ਜਾਏ ਕਦੀ ਉਧਰ ਜਾਏ। ਬੌਰਾ ਹੋਇਆ ਵਾਜਾਂ ਮਾਰੀ ਜਾਏ " ਚਲੋ ਭਾਗਾਂ ਵਾਲਿਓ। ਚਲੋ ਨਵਾਬੋ। ਹਜ਼ਰਤ ਨਾਨਕ ਆਇਆ ਜੇ, ਦੀਦਾਰੇ ਕਰ ਲਓ। ਗੁਨਾਹ ਬਖਸ਼ਵਾ ਲਓ।" ਆਂਢੀਆਂ ਗੁਆਂਢੀਆਂ ਨੂੰ ਵਾਜਾਂ ਮਾਰੀ ਜਾਏ " ਕਿਸਮਤ ਵਾਲਿਓ ਸਰਦਾਰੋ ਤੇ ਸਰਦਾਰਨੀਓ ! ਤੁਸੀਂ ਵੀ ਆਓ, ਰਜ ਰਜ ਦੀਦਾਰੇ ਕਰ ਲਵੋ ਤਾਂ ਗੁਨਾਹਾਂ ਤੋਂ ਛੁਟਕਾਰਾ ਪਵਾ ਲਓ।"

ਫੇਰ ਆਪ-ਮੁਹਾਰੇ ਬੋਲੀ ਗਿਆ, " ਜਦ ਤੋਂ ਪੰਜਾਬੋਂ ਆਇਆ ਸਾਂ, ਤਟਕਣਾ ਲੱਗੀ ਹੋਈ ਸੀ ਕਿ ਕੀ ਹਜ਼ਰਤ ਨਾਨਕ ਦੇ ਮੁੜ ਦਰਸ਼ਨ ਹੋਣਗੇ ! ਏਡੀ ਕਿਸਮਤ ਕਿੱਥੇ ? ਏਡੇ ਭਾਗ ਕਿਵੇਂ ? ਕਿੱਥੇ ਪੰਜਾਬ ਕਿੱਥੇ ਲੁਧਿਆਣਾ, ਕਿੱਥੇ ਸ੍ਰੀ ਭੈਣੀ ਸਾਹਿਬ ਕੋਹਾਂ ਕਾਫ਼ਾਂ ਦਾ ਪੈਂਡਾ। ਜਿਊਂਦਿਆਂ ਦੇ ਮੇਲੇ ਕਿੱਥੇ। ਰੂਹਾਂ ਦੇ ਮੇਲੇ ਭਾਵੇਂ ਹੋ ਜਾਣ। ਮਗਰ ਇਹ ਤਾਂ ਅੰਦਰ ਦੀਆਂ ਜਾਣਨ ਵਾਲਾ ਹੈ। ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ। ਭੁਲੀਏ ਲੁਕਾਈਏ, ਕਿਤੇ ਭੁਲੇਖੇ ਵਿਚ ਨ ਰਹਿਓ, ਇਹ ਵੇਲੇ ਦਾ ਰਸੂਲ ਹੈ, ਅੱਲਾ ਪਾਕ ਦਾ ਰਹਿਬਰ ਹੈ, ਪੈਗੰਬਰ ਹੈ, ਹਜ਼ਰਤ ਨਾਨਕ, ਨਾਨਕ। ਚੁੰਮ ਲਓ ਚਰਨਾਂ ਨੂੰ, ਰਗੜ ਲਓ ਮੱਥੇ, ਬਦਲਵਾ ਲਓ ਕਿਸਮਤਾਂ ਨੂੰ। ਜਰਾ ਅਸਮਾਨ ਵਲ ਤੱਕੋ, ਕਿਵੇਂ ਫਰਿਸ਼ਤੇ ਸਿਜਦੇ ਕਰ ਰਹੇ ਹਨ। ਜੰਨਤ ਦੀਆਂ ਹੂਰਾਂ ਕਿਵੇਂ ਰਸਕ ਕਰ ਰਹੀਆਂ ਹਨ। ਅਜ਼ਰਾਈਲ ਤੇ ਜਬਰਾਈਲ ਹੱਥ ਬੰਨੀ ਖੜੇ ਹਨ। ਤੁਸੀਂ ਵੀ ਘਰ ਆਏ ਖੁਦਾ ਤੋਂ ਰਹਿਮਤਾਂ ਦੀਆਂ ਝੋਲੀਆਂ ਭਰਵਾ ਲਓ।"

ਸਤਿਗੁਰਾਂ ਨੇ ਹੱਸ ਕੇ ਬਚਨ ਕੀਤਾ, " ਸਰਦਾਰਾ, ਅਸੀਂ ਤਾਂ ਘੋੜੇ ਵੇਖਣ ਆਏ ਹਾਂ।"

ਸਰਦਾਰ ਫਿਰ ਉਠਿਆ, " ਤੈਨੂੰ ਘੋੜਿਆਂ ਦਾ ਘਾਟਾ ਹੈ ? ਤੇਰੇ ਤਬੇਲੇ ਵਿਚ ਅਰਬੀ ਘੋੜੇ, ਵਲੈਤੀ ਘੋੜੀਆਂ। ਤੈਨੂੰ ਘੋੜਿਆਂ ਦੀ ਤਾਂ ਕੀ ਪਰਵਾਹ ? ਤੂੰ ਤਾਂ ਮੈਂ ਆਜਿਜ਼, ਮੈਂ ਮਸਕੀਨ, ਮੈਂ ਗੁਲਾਮ ਦੀਆਂ ਅਰਜ਼ਾਂ ਕਬੂਲ ਕਰ ਏਥੇ ਆਇਆ ਹੈਂ। ਮੈਂ ਚਿਰਾਂ ਤੋਂ ਸੁਬਹ ਸ਼ਾਮ ਤੇਰੇ ਦੀਦਾਰ ਖਾਤਰ ਦੁਆ ਕਰਿਆ ਕਰਦਾ ਸਾਂ, ਮੈਂ ਕਦ ਤੋਂ ਰਾਹ ਤੱਕ ਰਿਹਾ ਸਾਂ ਕਿ ਮੇਰੇ ਵੀ ਭਾਗ ਜਾਗਣਗੇ। ਅੱਜ ਮੈਂ ਠੀਕ ਖੁਸ਼ਕਿਸਮਤ ਹਾਂ ਕਿ ਇਨ੍ਹਾਂ ਚਸ਼ਮਾਂ ਨਾਲ ਹਜ਼ੂਰ ਦੇ ਦਰਸ਼ਨ ਕਰ ਰਿਹਾਂ ਹਾਂ।"

ਖੈਰ ਸਰਦਾਰ ਬਚਨ ਮੰਨ, ਘੋੜੇ ਵਿਖਾਉਣ ਲਈ ਤਿਆਰ ਹੋਇਆ। ਇਕ ਸੁੰਦਰ ਉਨ ਸੁਨਹਿਰੀ ਕਾਠੀ ਨਾਲ ਸ਼ਿੰਗਾਰਿਆ ਗਿਆ। ਅਰਜ਼ ਕਰ ਸਤਿਗੁਰਾਂ ਨੂੰ ਉਤੇ ਬੈਠਾਇਆ। ਆਪ ਘੋੜੀ ਤੇ ਕਾਠੀ ਪਾ ਕੇ ਉਪਰ ਬੈਠ ਗਿਆ ਅਤੇ ਹੱਥ ਵਿਚ ਛਤਰ ਫੜ ਲਿਆ। ਅੱਗੇ ਅੱਗੇ ਸਤਿਗੁਰ ਜੀ, ਨਾਲ ਨਾਲ ਸਰਦਾਰ ਛਤਰ ਫਿਰੀ, ਪਿੱਛੇ ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ ਜੀ, ਫਰਿਸ਼ਤਾ ਜੀ, ਸੰਤ ਰਜਿੰਦਰ ਸਿੰਘ ਜੀ ਅਤੇ ਮਲੰਗ ਹੋਰੀਂ ਬਾਹਰ ਗਏ, ਸਤਿਗੁਰਾਂ ਘੋੜੇ ਵੇਖੇ ਬੜੇ ਪ੍ਰਸੰਨ ਹੋਏ ! ਵਾਪਸੀ ਟੁਰਨ ਲੱਗਿਆਂ ਸਰਦਾਰ ਨੇ ਪ੍ਰਵਾਰ ਸਮੇਤ ਇਕ ਕੀਮਤੀ ਦੁਸ਼ਾਲਾ ਚਰਨਾਂ ਤੇ ਰੱਖ ਮੱਥਾ ਟੇਕਿਆ ਤੇ ਬੇਨਤੀ ਕੀਤੀ, " ਹਜ਼ਰਤ ! ਬਖਸ਼ੋ, ਭੁਲਾਇਓ ਨਾ, ਫੇਰ ਵੀ ਕਦਮ ਰੰਜਾ ਫੁਰਮਾਇਓ।"

Sri Satguru Jagjit Singh Ji Elibrary NamdhariElibrary@gmail.com

ਏਧਰ ਸਰਦਾਰ ਆਪਣੇ ਲੋਰ ਵਿਚ ਜੋਦੜੀਆਂ ਕਰੀ ਜਾ ਰਿਹਾ ਸੀ। ਦੂਜੇ ਬੰਨੇ ਭਾਈ ਵਜ਼ੀਰ ਸਿੰਘ ਜੀ ਅਤੇ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਆਪਣੀ ਆਪਣੀ ਥਾਂ ਗੀਟੀਆਂ ਗਿਣ ਰਹੇ ਸਨ। ਭਾਈ ਜੀ ਕਹਿ ਰਹੇ ਸਨ, "ਸੰਤ ਜੀ, ਮੈਂ ਤਾਂ ਸਮਝਦਾ ਸਾਂ, ਇਹ ਕੇਵਲ ਸਾਡਾ ਹੀ ਏ। ਇਹਦਾ ਕੋਈ ਪਤਾ ਨਹੀਂ ਲੱਗਦਾ। ਏਥੇ ਅੱਜ ਇਹ ਜਾਣਿਆ ਏ ਕਿ ਇਹ ਕੇਵਲ ਸਾਡਾ ਹੀ ਨਹੀਂ, ਇਹ ਤਾਂ ਖ਼ਾਨਾ ਖਾਨੀਆਂ ਦਾ ਵੀ ਪੀਰ ਏ।" ਅਗੋਂ ਸੰਤ ਮੰਗਲ ਸਿੰਘ ਜੀ ਨੇ ਸਹਿਜੇ ਹੀ ਕਹਿ ਦਿੱਤਾ, "ਭਾਈ! ਜੋ ਤੂੰ ਕਹਿੰਦਾ ਹੁੰਦਾ ਏਂ, ਬਿਲਕੁਲ ਹੀ ਠੀਕ ਏ। ਜੇ ਮੈਂ ਨਾਲ ਨਾ ਹੁੰਦਾ ਤਾਂ ਮੈਂ ਮੰਨਣਾ ਹੀ ਨਹੀਂ ਸੀ, ਮੈਨੂੰ ਭੁਲੇਖਾ ਹੀ ਰਹਿਣਾ ਸੀ ਕਿ ਇਹ ਸਤਿਗੁਰ ਸਿਰਫ਼ ਸਾਡਾ ਹੀ ਏ ਪਰ ਇਹ ਤਾਂ ਖਾਨ ਖਾਨਾਂ ਦਾ ਵੀ ਪੀਰ ਏ, ਸਗੋਂ ਹੁਣ ਤਾਂ ਮੈਂ ਇਹ ਆਖਾਂਗਾ ਕਿ ਇਹ ਕੁਲ ਆਲਮ ਦਾ ਹਰਤਾ ਕਰਤਾ ਏ।"

## ਗੁਰੁ ਸਮਰਥੁ ਗੁਰੁ ਨਿਰੰਕਾਰੁ
## ਗੁਰੁ ਊਚਾ ਅਗਮ ਅਪਾਰੁ
## ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ

ਰਾਜ ਮਹਿ ਰਾਜ ਜੋਗ ਮਹਿ ਜੋਗੀ



Sri Satguru Jagjit Singh Ji Elibrary NamdhariElibrary@gmail.com

# ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ
# ਤੂ ਸਾਹਿਬ ਗੁਣੀ ਨਿਧਾਨਾ
# ਤੁਮਰੀ ਮਹਿਮਾ ਬਰਨਿ ਨ ਸਾਕਉ
# ਤੂੰ ਠਾਕੁਰ ਊਚ ਭਗਵਾਨਾ

(ਪੰਨਾ ੭੩੫

ਾਪ ਜੀ ਦੇ ਬੇਅੰਤ ਗੁਣਾਂ ਵਿਚੋਂ ਇਕ ਗੁਣ ਉਧਾਰਤਾ ਦਾ ਤਿਲ ਮਾਤ੍ਰ ਵਰਨਣ ਕਰਦਾ ਹਾਂ।
ਈ ਕਈ ਧਨੀਆਂ ਅਥਵਾ ਦਾਨੀ ਪੁਰਖਾਂ ਨੇ ਲੰਗਰ ਲਾਏ ਹੁੰਦੇ ਹਨ ਅਤੇ ਬੋਰਡ
। ਲਿਖਿਆ ਹੁੰਦਾ ਹੈ ਕਿ ਇਹ ਸਦਾ ਵਰਤ ਲੰਗਰ ਫਲਾਨੇ ਵਕਤ ਤੋਂ ਲੈ ਕੇ ਫਲਾਨੇ
ਕ ਖੁਲੇਗਾ । ਜਿੱਥੇ ਵਕਤ ਦੀ ਪਾਬੰਦੀ ਹੋਵੇ ਉਹ ਸਦਾ ਵਰਤ ਕਹਿਲਾਉਣ ਦਾ
ਕਦਾਰ ਨਹੀਂ। ਸਦਾ ਵਰਤ ਉਹ ਹੀ ਹੋ ਸਕਦਾ ਹੈ ਜਿਥੇ ਹਰ ਪ੍ਰਾਣੀ ਨੂੰ ਹਰ ਵਕਤ
ੋਜਨ ਮਿਲ ਸਕੇ । ਇਹ ਮਹਾਨਤਾ ਤਾਂ ਸਿਰਫ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
ੀ ਭੈਣੀ ਸਾਹਿਬ ਵਿਚ ਚਲਾਏ ਹੋਏ ਲੰਗਰ ਨੂੰ ਪ੍ਰਾਪਤ ਹੈ। ਇਸ ਲੰਗਰ ਦਾ ਮੁੱਢ
ਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬੱਧਾ, ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੀ
ਤ ਕਠਨਾਈਆਂ ਵਿਚ ਵੀ ਜਾਰੀ ਰੱਖਿਆ ਪਰ ਜਿਹੜੀ ਮਹਾਨਤਾ ਇਸ ਲੰਗਰ ਨੂੰ
ੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਪ੍ਰਾਪਤ ਹੋਈ ਹੈ ਉਹ ਬੇਮਸਾਲ ਹੈ
ਇੱਥੇ ਹਰ ਪ੍ਰਾਣੀ ਨੂੰ ਭਾਵੇਂ ਉਹ ਕਿਸੇ ਜਾਤ ਦਾ ਹੋਵੇ ਭਾਵੇਂ ਉਹ ਕਿਸੇ ਪਾਰਟੀ ਦਾ ਹੋਵੇ,
ਹਰ ਵਕਤ ਭਾਵੇਂ ਦੁਪਹਿਰ ਭਾਵੇਂ ਅਧੀ ਰਾਤ ਹੋਵੇ ਪਰਸ਼ਾਦਾ ਰਜਵਾਂ ਮਿਲਦਾ ਹੈ।
ਕਾਲ ਹੋਵੇ ਜਾਂ ਅੰਨ ਦੀ ਮਹਿੰਗਾਈ ਹੋਵੇ, ਫਸਲਾਂ ਬਰਸਾਤ ਨਾਲ ਜਾਂ ਹੜ੍ਹ ਨਾਲ
ਤਬਾਹ ਹੋ ਗਈਆਂ ਹੋਣ, ਜਾਂ ਸ਼ਰਨਾਰਥੀਆਂ ਦੀ ਅਣਗਿਣਤੀ ਹੋਵੇ, ਦਾਲ
ਪਰਸ਼ਾਦਾ ਸਭ ਨੂੰ ਰਜਵਾਂ ਮੁਫਤ ਮਿਲਦਾ ਹੈ। ਪਾਕਿਸਤਾਨ ਬਣਨ ਸਮੇਂ ਤਾਂ
ਹਜ਼ਾਰਾਂ ਹੀ ਸ਼ਰਨਾਰਥੀਆਂ ਨੇ ਏਸ ਲੰਗਰ ਸ਼ਰਣ ਲਈ ਸੀ। ਸਤਿਗੁਰੂ ਜੀ ਨੇ
ਏਸ ਲੰਗਰ ਤੋਂ ਬਿਨਾਂ ਇਕ ਹੋਰ ਸਦਾ ਵਰਤ ਸ੍ਰੀ ਜੀਵਨ ਨਗਰ ਵੀ ਖੋਲ੍ਹਿਆ ਸੀ

## ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ

ਾਨਸਿਕ ਸ਼ਾਂਤੀ ਵਾਸਤੇ ਅਤੇ ਜੀਵਾਂ ਨੂੰ ਅਕਾਲ ਪੁਰਖ ਨਾਲ ਮੇਲਣ ਵਾਸਤੇ ਸ੍ਰੀ
ਸਤਿਗੁਰੂ ਨੇ ਨਾਮ ਬਾਣੀ ਦਾ ਵੀ ਲੰਗਰ ਲਾਇਆ ਹੋਇਆ ਸੀ। ਭਜਨ ਦੀਆਂ
। ਵਰਨੀਆਂ (ਨਿਰੰਤਰ ਨਾਮ ਸਿਮਰਨ) ਇਕ ਸ੍ਰੀ ਭੈਣੀ ਸਾਹਿਬ ਬਿਕ੍ਰਮੀ ਸੰਮਤ ੧੯੯੦
ਨ 1933) ਵਿਚ ਅਤੇ ਇਕ ਸ੍ਰੀ ਜੀਵਨ ਨਗਰ ਬਿਕ੍ਰਮੀ ਸੰਮਤ ੨੦੦੪ (ਸੰਨ 1947)
ਵਰ ਸ਼ੁਰੂ ਕੀਤੀਆਂ। ਇਨ੍ਹਾਂ ਵਰਨੀਆਂ ਤੋਂ ਬਿਨਾਂ ਕਈ ਜਪ ਪ੍ਰਯੋਗ ਕਰਦੇ ਰਹਿੰਦੇ
ਸੇ ਸਾਲ ਨਾਮ ਸਿਮਰਨ ਦਾ ਪ੍ਰਯੋਗ ਕਰਦੇ, ਕਿਸੇ ਸਾਲ ਭਗਉਤੀ ਦੀ ਮਾਲਾਂ ਦਾ

ਕਿਸੇ ਸਾਲ ਚੌਪਈ ਦੇ ਪਾਠਾਂ ਦਾ, ਕਿਸੇ ਸਾਲ ਚੰਡੀ ਦੀ ਵਾਰ ਦੇ ਪਾਠਾਂ ਅਤੇ ਕਿਸੇ ਸਾਲ ਸ੍ਰੀ ਗ੍ਰੰਥ ਸਾਹਿਬ ਜੀ ਦੇ ਪਾਠਾਂ ਦਾ।

ਪ੍ਰਯੋਗ ਤੋਂ ਬਿਨਾਂ ਵੀ ਕਈ ਲੱਖ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸਾਧਾਰਣ ਪਾਠ ਕਰਵਾਏ। ਆਪ ਜੀ ਨੇ ਸਭ ਤੋਂ ਪਹਿਲੀ ਵਾਰ 1 ਜੇਠ ਸੰਮਤ 1997 (ਸੰਨ 1940) ਨੂੰ ਹਰ ਨਰ-ਨਾਰੀ ਨੂੰ ਘਟ ਤੋਂ ਘਟ ਇਕ ਘੰਟਾ ਰੋਜ਼ ਨਾਮ ਸਿਮਰਨ ਦਾ ਹੁਕਮ ਕੀਤਾ। ਆਪ ਜੀ ਕਹਿਆ ਕਰਦੇ ਸਨ ਕਿ ਇਹ ਇਕ ਘੰਟੇ ਦਾ ਸਿਮਰਨ ਕਰਨਾ ਮੇਰੇ ਵਲੋਂ ਸਦਾ ਸੰਗ ਰਖਣ ਵਾਲੀ ਚੀਜ਼ ਹੈ ਜੋ ਇਸ ਨੂੰ ਨਿਬਾਹੇਗਾ, ਮੈਂ ਉਸ ਦਾ ਸਦਾ ਜ਼ਾਮਨ ਹਾਂ।

ਇਹ ਜੋ ਘਰ ਘਰ ਨਾਮ ਜਪਿਆ ਜਾਂਦਾ ਹੈ ਅਤੇ ਬਾਣੀ ਪੜ੍ਹੀ ਜਾਂਦੀ ਹੈ ਇਹ ਸਭ ਆਪ ਜੀ ਦੀ ਹੀ ਕਿਰਪਾ ਹੈ। ਇਸੇ ਲਈ ਕਹਿਆ ਜਾਂਦਾ ਹੈ:-

# ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਜਿਨ੍ਹਾਂ ਕਲਿਜੁਗ ਵਿਚ ਸੁਧ ਸੋਧ ਅਤੇ ਨਾਮ ਬਾਣੀ ਦਾ ਪਰਵਾਹ ਦਿਤਾ ਚਲਾਇ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਅੰਗਰੇਜ਼ੀ ਸਰਕਾਰ ਨਾਲ ਸਾਰੀ ਉਮਰ ਨਾ ਮਿਲਵਰਤਣ ਜਾਰੀ ਰੱਖਿਆ ਅਤੇ ਆਜ਼ਾਦੀ ਵਾਸਤੇ ਲੜੀ ਜਾ ਰਹੀ ਲੜਾਈ ਵਿਚ ਕਾਂਗਰਸ ਦਾ ਪੂਰਾ ਸਾਥ ਦਿੱਤਾ। ਦੇਸ਼ ਸੁਤੰਤ੍ਰ ਹੋਣ ਉਪ੍ਰੰਤ ਦੇਸ ਦੀ ਖੁਸ਼ਹਾਲੀ ਲਈ ਸਭ ਤੋਂ ਸ੍ਰੇਸ਼ਟ ਕੰਮ ਆਪ ਜੀ ਨੇ ਹੀ ਕੀਤਾ। ਜ਼ਿਲਾ ਸਿਰਸਾ ਦੀ ਕਈ ਸੌ ਮੁਰੱਬੇ ਬੰਜਰ ਅਥਵਾ ਬੇਆਬਾਦ ਧਰਤੀ ਨੂੰ ਅਪਣੇ ਸਿੱਖਾਂ ਰਾਹੀਂ, ਸਵਰਗਨੁਮਾ ਧਰਤੀ ਬਣਾ ਦਿੱਤਾ।

ਮਿਲਾਪ ਦੇ ਆਪ ਜੀ ਇੰਨੇ ਚਾਹਵਾਨ ਸਨ ਕਿ ਗੁਰੂ ਦੇ ਖਜ਼ਾਨੇ ਵਿਚੋਂ ਖਰਚ ਕਰਕੇ ਵਡੀਆਂ ਵਡੀਆਂ ਕਾਨਫਰੰਸਾਂ ਕੀਤੀਆਂ ਜਿਵੇਂ ਕਿ "ਹਿੰਦੂ-ਸਿੱਖ ਮਿਲਾਪ ਕਾਨਫਰੰਸ" ਅਤੇ "ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ"।

ਗਊ-ਹੱਤਿਆ ਵਿਰੁਧ ਜਾਂ ਗਊ ਰਖਿਆ ਹਿਤ ਜੋ ਵੀ ਅੰਦੋਲਨ ਉਠਿਆ ਉਸ ਦਾ ਸਾਥ ਦਿੱਤਾ।

ਆਪ ਜੀ ਨੇ ਅਪਣੇ ਸਿੱਖਾਂ ਨੂੰ ਪਾਖੰਡ ਅਤੇ ਫਜ਼ੂਲ ਰਸਮਾਂ ਕਰਨ ਤੋਂ ਰੋਕਿਆ ਜੰਞਾਂ ਦੇ ਖਰਚ ਅਤੇ ਹੋਰ ਕਈ ਫਜ਼ੂਲ ਖਰਚਾਂ ਤੋਂ ਬਚਣ ਲਈ ਆਪ ਜੀ ਨੇ ਅਨੰਦ ਕਾਰਜ ਸਾਧ ਸੰਗਤ ਦੇ ਮੇਲਿਆਂ ਵਿਚ ਕਰਨੇ ਸ਼ੁਰੂ ਕਰ ਦਿੱਤੇ।

ਸਿੱਖਾਂ ਵਿਚ ਸੰਗੀਤਕ ਰੁਚੀ ਵਧਾਉਣ ਲਈ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਇਕ ਸੰਗੀਤ ਵਿਦਿਆਲਾ ਖੋਲਿਆ ਅਤੇ ਕਈ ਸੰਗੀਤ ਸਮੇਲਨ ਕਰਵਾਏ।

ਆਪ ਜੀ ਫਰਾਖਦਿਲ ਇੰਨੇ ਸਨ ਕਿ ਕੋਈ ਵੀ ਸਵਾਲੀ ਚਾਹੇ ਉਹ ਕਿਸੇ ਧਰਮ ਵਾਲਾ ਹੋਵੇ ਜਾਂ ਕਿਸੇ ਪਾਰਟੀ ਨਾਲ ਸੰਬੰਧ ਰਖਣ ਵਾਲਾ ਹੋਵੇ, ਉਸ ਦੀ ਮੁਨਾਸਬ ਸਹਾਇਤਾ ਜ਼ਰੂਰ

Sri Satguru Jagjit Singh Ji Elibrary NamdhariElibrary@gmail.com

# ਮਹਾਂ ਨੂਰ ਸਰਬ ਸ਼ਕਤੀਮਾਨ ਅਕਾਲ ਪੁਰਖ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਜਦੋਂ

ਸਚਖੰਡ ਜਾਣਾ ਚਾਹਿਆ ਤਾਂ ਕੁਝ ਚਿਰ ਪਹਿਲਾਂ ਹੀ ਆਪਣੇ ਉੱਤਰਾਧਿਕਾਰੀ ਬਾਰੇ ਸਾਧ ਸੰਗਤ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਸੰਤ ਪ੍ਰੀਤਮ ਸਿੰਘ ਜੀ ਕਵੀ ਲਿਖਦੇ ਹਨ "ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ੨੭ ਵੈਸਾਖ ਸੰਮਤ ੨੦੧੬ (8 ਮਈ ਸੰਨ 1959) ਨੂੰ ਸ੍ਰੀ ਜੀਵਨ ਨਗਰ ਸਕੇਂਡਰੀ ਨਾਲੇ ਨੂੰ ਸਾਫ਼ ਕਰਦੇ ੧੫-੨੦ ਸਿੱਖਾਂ ਨੂੰ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਫੁਰਮਾਇਆ :-

## "ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਕਦੋਂ ਨ ਆਵਾਂ, ਹੁਣ ਤੋਂ ਏਥੇ ਵੱਡੇ ਕਾਕੇ ਨੇ ਰਹਿਣਾ ਹੈ, ਜਿਸ ਦੀ ਉਸ ਨਾਲ ਬਣਦੀ ਹੈ ਉਹ ਰਹੇ, ਜਾਂ ਜਿਸ ਨੇ ਬਣਾ ਕੇ ਰਖਣੀ ਏ। ਜਿਸ ਉਹਦੇ ਆਖੇ ਨਹੀਂ ਲਗ ਸਕਣ ਉਹ ਬੇਸ਼ਕ ਬਿਸਤਰ ਗੋਲ ਕਰ ਲਏ। ਸਾਡੀ ਉਸਤੇ ਖੁਸ਼ੀ ਹੀ ਹੋਵੇਗੀ। ਹੁਣ ਸਾਰੇ ਅਖ਼ਤਿਆਰ ਵੱਡੇ ਕਾਕੇ ਹੀ ਪਾਸ ਹੋਣੇ ਹਨ

ਇਸੇ ਤਰ੍ਹਾਂ ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਦੀ ਕਾਰ ਵਿਚ ਬੈਠਿਆਂ, ਸ: ਕੇਹਰ ਸਿੰਘ ਜੀ ਮਾਨ ਨੇ ਅਰਜ਼ ਕੀਤੀ ਕਿ, "ਹੇ ਸੱਚੇ ਪਾਤਸ਼ਾਹ ਜੀ, ਆਪ ਜੀ ਦੀ ਦੇਹ ਵਲੋਂ ਚਿੰਤਾ ਹੁੰਦੀ ਹੈ। ਪੰਥ ਨੂੰ ਅਜੇ ਆਪ ਜੀ ਦੀ ਬਹੁਤ ਲੋੜ ਹੈ," ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ :-

## "ਮੈਨੂੰ ਕੋਈ ਚਿੰਤਾ ਨਹੀਂ ਕਿਉਂਕਿ ਵੱਡਾ ਕਾਕਾ ਪੰਥ ਦੀ ਸੰਭਾਲ ਜੋਗਾ ਸਮਰੱਥ ਹੈ।"

ਸ੍ਰੀ ਭੈਣੀ ਸਾਹਿਬ, ਜਦੋਂ ਆਪ ਜੀ ਦਾ ਸਰੀਰ ਬਹੁਤ ਢਿਲਾ ਸੀ ਅਤੇ ਮੰਜੇ ਉਤੇ ਮਹਾਰਾਜ ਬੀਰ ਸਿੰਘ ਜੀ ਨਾਲ ਢਾਸਨਾ ਲਾਈ ਬੈਠੇ ਸਨ, ਆਪ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ... ਅਤੇ ਉਨਾਂ ਨੂੰ ਕੋਲ ਪਈ ਹੋਈ ਚੌਂਕੀ ਉਤੇ ਬਿਠਾ ਕੇ

Sri Satguru Jagjit Singh Ji Elibrary NamdhariElibrary@gmail.com

NO.
DATE

# ਮਹਾਂ ਨੂਰ ਸਰਬ ਸ਼ਕਤੀਮਾਨ ਅਕਾਲ ਪੁ

# ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

ਸਚਖੰਡ ਜਾਣਾ ਚਾਹਿਆ ਤਾਂ ਕੁਝ ਚਿਰ ਪਹਿਲਾਂ ਹੀ ਅਪਣੇ ਉੱਤ੍ਰਾਧਿਕਾਰੀ
ਸਾਧ ਸੰਗਤ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਸੰਤ ਪ੍ਰੀਤਮ ਸਿੰਘ ਜੀ
ਲਿਖਦੇ ਹਨ "ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ੨੭ ਵੈਸਾਖ ਸੰਮਤ :
(8 ਮਈ ਸੰਨ 1959) ਨੂੰ ਸ੍ਰੀ ਜੀਵਨ ਨਗਰ, ਸਕੇਂਦਰੀ ਨਾਲੇ ਨੂੰ ਸਾਫ ਕਰ
੧੫-੨੦ ਸਿੱਖਾਂ ਨੂੰ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਫੁਰਮਾਇਆ :-

"ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਕਦੋਂ ਨ ਆ
ਹੁਣ ਤੋਂ ਏਥੇ ਵੱਡੇ ਕਾਕੇ ਨੇ ਰਹਿਣਾ ਹੈ, ਜਿਸ ਦੀ ਉਸ
ਨਾਲ ਬਣਦੀ ਹੈ ਉਹ ਰਹੇ, ਜਾਂ ਜਿਸ ਨੇ ਬਣਾ ਕੇ ਰਖ
ਜਿਸ ਉਹਦੇ ਆਖੇ ਨਹੀਂ ਲਗ ਸਕਣਾ ਉਹ ਬੇਸ਼ਕ ਬਿ
ਰੋਲ ਕਰ ਲਏ। ਸਾਡੀ ਉਸ ਤੇ ਖੁਸ਼ੀ ਹੀ ਹੋਵੇਗੀ
ਹੁਣ ਸਾਰੇ ਅਖ਼ਤਿਆਰ ਵੱਡੇ ਕਾਕੇ ਹੀ ਪਾਸ ਹੋਣੇ

ਇਸੇ ਤਰ੍ਹਾਂ ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਦੀ ਕਾਰ ਵਿਚ ਬੈਠਿਆਂ, ਸ: ਕੇ
ਜੀ ਮਾਨ ਨੇ ਅਰਜ਼ ਕੀਤੀ ਕਿ, "ਹੇ ਸੱਚੇ ਪਾਤਸ਼ਾਹ ਜੀ, ਆਪ ਜੀ ਦੀ ਦੇਹ ਢਲੋਂ ਵਿ
ਹੈ। ਪੰਥ ਨੂੰ ਅਜੇ ਆਪ ਜੀ ਦੀ ਬਹੁਤ ਲੋੜ ਹੈ," ਤਾਂ ਸਤਿਗੁਰੂ ਜੀ ਨੇ ਉੱਤਰ ਦਿ

"ਮੈਨੂੰ ਕੋਈ ਚਿੰਤਾ ਨਹੀਂ
ਕਿਉਂਕਿ
ਵੱਡਾ ਕਾਕਾ ਪੰਥ ਦੀ ਸੰਭਾਲ ਜੋਗ ਸਮਰੱਥ ਹੈ।

ਸ੍ਰੀ ਭੈਣੀ ਸਾਹਿਬ, ਜਦੋਂ ਆਪ ਜੀ ਦਾ ਸਰੀਰ ਬਹੁਤ ਢਿਲਾ ਸੀ ਅਤੇ ਮੰਜੇ ਉਤੇ ਮਹਾਂ
ਬੀਰ ਸਿੰਘ ਜੀ ਨਾਲ ਚੌਮਸਾ ਲਈ ਬੈਠੇ ਸਨ...

ਕਾਕਾ, ਤੁਸਾਂ ਪਾਠ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ
ਨਮਿੱਤ ਅਰੰਭੇ, ਜ਼ਰੂਰ ਸਿਰੇ ਚਾੜ੍ਹਨੇ, ਭਾਵੇਂ ਕੋਠਿਆਂ ਦੀਆਂ
ਕੜੀਆਂ ਵੀ ਵਿਕ ਜਾਣ। ਗਊ ਮੱਝ, ਘੋੜੇ ਪੁੱਜਦੇ ਰੱਖਣੇ ਤੇ
ਵੱਡਾ ਭਾਰਾ ਹੌਸਲਾ ਕਰਕੇ ਰਹਿਣਾ ਤੁਹਾਡੇ ਤੇ ਬੜੇ ਭਾਰ ਹਨ



Sri Satguru Jagjit Singh Ji Elibrary NamdhariElibrary@gmail.com

NO. 36

DATE

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੀਰਕ ਵਿਛੋੜੇ ਦਾ ਗਮ ਕੁਦਰਤੀ ਤੌਰ ਤੇ ਹੋਣਾ ਹੀ ਸੀ ਪਰ ਫਿਰ ਵੀ ਸ਼ੁਕਰ ਹੈ ਕਿ ਸਤਿਗੁਰੂ ਜੀ ਆਪਣੇ ਪਰਉਪਕਾਰੀ ਸੁਭਾਓ ਅਨੁਸਾਰ ਜਾਂਦਿਆਂ ਜਾਂਦਿਆਂ ਵੀ ਸਾਡੇ ਤੇ ਉਪਕਾਰ ਕਰਕੇ ਮਾਸਟਰ ਅਜੀਤ ਸਿੰਘ ਜੀ ਰੀਮਾ ਦੀ ਕਲਮ ਰਾਹੀਂ ਇਹ ਸੰਦੇਸ਼ ਦੇ ਗਏ ਸਨ :-

ਏਸ ਦੇਹ ਨੇ ਤੁਸਾਂ ਨੂੰ ਲਭਣਾ ਨਹੀਂ,
ਤੜਪ ਤੜਪ ਨਾ ਜਾਨ ਗੁਆ ਲੈਣਾ ।
ਜਿਨ੍ਹੇ ਮੇਰੇ ਦੀਦਾਰ ਦੀ ਲੋੜ ਹੋਵੇ,
"ਰੀਮੇ" ਦਰਸ਼ ਜਗਜੀਤ ਦਾ ਪਾ ਲੈਣਾ ।

ਏਧਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੀਰ ਛਡਣ ਦੀ ਦੇਰ ਸੀ ਕਿ ਉਨ੍ਹਾਂ ਵਿਚ ਜਗਮਗਾਉਣ ਵਾਲੀ ਨੂਰੀ ਜੋਤ ਤਤਛਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਰੀਰ ਵਿਚ ਪ੍ਰਵੇਸ਼ ਕਰ ਗਈ

## ਨੂਰੀ ਜੋਤ

ਜਿਵੇਂ ਪਹਿਲ ਪਾਵਨ ਓਹ ਰਾਮ ਕ੍ਰਿਸ਼ਨ ਵਾਲੀ ਜੋਤ,
ਗੁਰੂ ਨਾਨਕ ਨਿਰੰਕਾਰੀ 'ਚ ਸਮਾਈ ਆਨ ।

ਨਾਨਕ ਤੋਂ ਅੰਗਦ, ਅਮਰ, ਰਾਮ ਦਾਸ ਆਦਿ,
ਗੁਰੂ ਸਾਹਿਬਾਂ ਵਿਚ ਉਹੋ ਜੋਤ ਰੁਸ਼ਨਾਈ ਆਨ ।

ਫਿਰ ਦਸਮੇਸ਼, ਗੁਰੂ ਬਾਲਕ 'ਚੋਂ ਪ੍ਰਵੇਸ਼ ਕਰਿ,
ਜੋਤ ਗੁਰੂ ਰਾਮ ਸਿੰਘ ਵਿਚ ਦਰਸਾਈ ਆਨ ।

ਤਿਵੇਂ ਹਰੀ ਗੁਰੂ ਪਰਤਾਪ ਵਾਲੀ ਜੋਤ ਨੂਰੀ,
ਗੁਰੂ ਜਗਜੀਤ ਵਿਚ ਉਹੋ ਪ੍ਰਗਟਾਈ ਆਨ ।

(ਸੰਤ ਆਤਮਾ ਸਿੰਘ ਜੀ [illegible])

Sri Satguru Jagjit Singh Ji Elibrary NamdhariElibrary@gmail.com

ਅਸੀਂ ਨਾਮਧਾਰੀ ਤਾਂ ਸਮਝਦੇ ਹਾਂ ਕਿ ਸਤਿਗੁਰੂ ਜੀ
ਸਿਰਫ ਨਾਮਧਾਰੀਆਂ ਦੇ ਹਨ ਪਰ ਸਤਿਗੁਰ ਜੀ ਦੇ ਭੋਗ ਤੇ ਪਹੁੰਚਣ ਵਾਲੀ ਅਣਗਿਣਤ
ਸੰਗਤ ਤੋਂ ਪਤਾ ਲਗਦਾ ਸੀ ਕਿ ਇਹ ਤਾਂ ਇਕ ਭੁਲੇਖਾ ਹੈ, ਕਿਉਂਜੋ

## ਸਜਣੁ ਮੈਡਾ ਚਾਈਆ ਹਭ ਕਹੀਦਾ ਮਿਤੁ ।
## ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ ।

ਭੋਗ ਤੇ ਕਈ ਧਰਮਾਂ ਦੇ ਲੋਕ ਪਜੇ ਹੋਏ ਸਨ । ਧਾਰਮਕ ਆਗੂਆਂ ਤੋਂ ਬਿਨਾਂ ਰਾਜਸੀ ਲੀਡਰ, ਸਮਾਜਕ ਲੀਡਰ, ਅਖਬਾਰਾਂ ਦੇ ਪ੍ਰਤਿਨਿਧ, ਰਾਜੇ, ਪੰਜਾਬ ਸਰਕਾਰ ਦੇ ਵਜ਼ੀਰ, ਕੇਂਦਰੀ ਵਜ਼ੀਰ, ਵਡੇ ਵਡੇ ਸਰਕਾਰੀ ਅਫਸਰ ਅਤੇ ਹੋਰ ਅਣਗਿਣਤ ਹੋਰ ਵਿਅਕਤੀਆਂ ਆਈਆਂ ਸਨ । ਇਨ੍ਹਾਂ ਆਈਆਂ ਹੋਈਆਂ ਵਿਅਕਤੀਆਂ ਵਿਚੋਂ ਕੁਝ ਕੁ ਨਾਮ ਇਹ ਹਨ :-

ਪਟਿਆਲੇ ਦੇ ਮਹਾਰਾਜਾ ਯਾਦਵਿੰਦਰ ਸਿੰਘ ਜੀ
ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ
ਗਿਆਨੀ ਕਰਤਾਰ ਸਿੰਘ ਜੀ (ਪੰਜਾਬ ਮੰਤ੍ਰੀ ਮੰਡਲ ਦੇ ਵਜ਼ੀਰ)
ਸ੍ਰ: ਅਮਰ ਸਿੰਘ ਦੁਸਾਂਝ ਜੀ (ਪ੍ਰਤਿਨਿਧ ਸ਼੍ਰੋਮਣੀ ਕਮੇਟੀ)
ਸ੍ਰ: ਸਵਰਨ ਸਿੰਘ ਜੀ (ਕੇਂਦਰੀ ਮੰਤ੍ਰੀ)
ਗਿਆਨੀ ਜ਼ੈਲ ਸਿੰਘ ਜੀ
ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ (ਪੰਜਾਬ ਕਾਂਗ੍ਰਸ ਦੇ ਮੁਖੀ)
ਸ: ਗਿਆਨ ਸਿੰਘ ਰਾੜੇਵਾਲੇ ਜੀ (ਤ੍ਰਕੀਜਾਤ ਮੰਤ੍ਰੀ ਪੰਜਾਬ)
ਸਤਿਕਾਰ ਯੋਗ ਮਹਾਰਾਜ ਚਰਨ ਸਿੰਘ ਜੀ
ਰਾਧਾ ਸੁਆਮੀ ਮਹਾਰਾਜ ਕ੍ਰਿਪਾਲ ਸਿੰਘ ਜੀ
ਮਹੰਤ ਹਾਕਮ ਸਿੰਘ ਜੀ ਨਿਰਮਲੇ
ਪੰਡਿਤ ਯਗ ਦੱਤ ਸ਼ਰਮਾ ਜੀ
ਕਾਮਰੇਡ ਹਰਿ ਕ੍ਰਿਸ਼ਨ ਸਿੰਘ ਜੀ
ਲਾਲਾ ਹਰਦੇਵ ਸਹਾਏ ਜੀ
ਹਿੰਦ ਸਮਾਚਾਰ ਦੇ ਐਡੀਟਰ ਲਾਲਾ ਜਗਤ ਨਰੈਣ ਜੀ
ਸੇਠ ਦਿਆਲ ਸਿੰਘ ਜੀ (ਸੂਬਾ ਬੈਂਕੋਕ)
ਸ੍ਰ: ਦਰਬਾਰਾ ਸਿੰਘ ਜੀ
ਲੋਕ ਸਭਾ ਦਿਲੀ ਵਲੋਂ ਸੇਠ ਗੋਬਿੰਦ ਦਾਸ ਜੀ

ਸਭ ਪਤਵੰਤਿਆਂ ਨੇ ਆਪਣੇ ਆਪਣੇ ਢੰਗ ਨਾਲ ਜਿੱਥੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਣਗਿਣਤ ਉਪਕਾਰਾਂ ਦੀ ਪ੍ਰਸ਼ੰਸਾ ਕੀਤੀ ਉੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਬੇਨਤੀ ਕੀਤੀ ਕਿ ਆਪ ਜੀ ਵੀ ਅਪਣੇ ਪਿਤਾ ਸਤਿਗੁਰੂ ਜੀ ਵਾਂਗ ਅਗੇ ਲਗ ਕੇ ਦੇਸ਼ ਅਤੇ ਕੌਮ ਦੀ ਸੇਵਾ ਕਰਦੇ ਰਹਿਣਾ ।

Sri Satguru Jagjit Singh Ji Elibrary NamdhariElibrary@gmail.com

## ਪਹਿਲਾਂ ਅੰਗਰੇਜ਼ੀ ਸਰਕਾਰ ਅਤੇ ਭਾਰਤ ਸੁਤੰਤ੍ਰ ਹੋਣ

ਪਿਛੋਂ ਭਾਰਤੀ ਸਰਕਾਰ ਆਪ ਜੀ ਦਾ ਜੱਸ ਨ ਸਹਾਰਦਿਆਂ ਹੋਇਆਂ ਆਪ ਜੀ ਨੂੰ ਨਾਜਾਇਜ਼ ਤੰਗ ਕਰਦੀਆਂ ਰਹੀਆਂ। ਜਦੋਂ ਧਰਮਸਾ ਦੇ ਕੋਲ ਖਰੀਦੀ ਹੋਈ ਜ਼ਮੀਨ ਦੀ ਵੰਡ ਹੋਈ ਤਾਂ ਕਈ ਸੁਆਰਥੀ ਸੰਤੁਸ਼ਟ ਨ ਹੋਏ। ਉਨ੍ਹਾਂ ਰਾਜ ਨੀਤਕ ਆਗੂਆਂ ਉਕਸਾਉਣ ਤੇ ਮੁਕੱਦਮੇ ਕਰ ਦਿੱਤੇ। ਇਕ ਮੁਕੱਦਮੇ ਦੀ ਸੁਣਵਾਈ ਵਾਸਤੇ ੨੪ ਅਗਸਤ ਸੰਨ ੧੯੫੯ (24-8-1959) ਨੂੰ ਕਚਹਿਰੀ ਜਾਣ ਵਾਸਤੇ ਆਪ ਜੀ ਨੂੰ ਸੰਮਨ ਆ ਚੁਕੇ ਸਨ। ਆਪ ਜੀ ਇਨ੍ਹਾਂ ਕਚਹਿਰੀਆਂ ਵਿਚ ਜਿੱਥੇ ਝੂਠ ਅਤੇ ਰਿਸ਼ਵਤ ਖੋਰੀ ਚਲਦੀ ਹੋਵੇ, ਜਿੱਥੇ ਧੜੇ ਬਾਜ਼ੀ ਜਾਂ ਪਾਰਟੀ ਬਾਜ਼ੀ ਚਲਦੀ ਹੋਵੇ, ਜਾਣਾ ਪਸੰਦ ਨਹੀਂ ਸਨ ਕਰਦੇ। ਆਪ ਜੀ ਅਪਣੇ ਪਣ ਖਾਤਰ, ਅਪਣੀ ਇੱਛਾ ਅਨੁਸਾਰ ਕਚਹਿਰੀ ਦੀ ਤਾਰੀਕ ਦੇ ਆਉਣ ਤੋਂ ਪਹਿਲਾਂ ਹੀ ੨੧-੨੨ ਅਗਸਤ ਸੰਨ ੧੯੫੯ (੫-੬ ਭਾਦਰੋਂ ਸੰਮਤ ੨੦੧੬) ਦੀ ਵਿਚਲੀ ਰਾਤ ਦੇ ਤਕਰੀਬਨ ੧੨ ਵਜੇ ਜੋਤੀ ਜੋਤ ਸਮਾ ਗਏ

੨੨ ਅਗਸਤ ਨੂੰ ਸਤਿਗੁਰੂ ਜੀ ਦੇ ਸੱਚ ਖੰਡ ਪਧਾਰ ਜਾਣ ਦੀ ਖਬਰ ਨੇ ਆਪ ਜੀ ਦੇ ਸਿੱਖਾਂ ਅਥਵਾ ਆਪ ਜੀ ਦੇ ਪ੍ਰੇਮੀਆਂ ਦੇ ਘਰ ਸੋਗ ਸਫਾਂ ਵਿਛਾ ਦਿੱਤੀਆਂ

ਦਿਲ ਰੋਂਦਾ ਤੇ ਅਖਾਂ ਰੋਵਨ, ਹੰਝੂ ਰੋ ਰੋ ਵਗਦੇ।
ਪਿਆਰ ਰੋਵੇ ਤੇ ਯਾਦਾਂ ਚਿਲਕਣ, ਜਿਉਂ ਅੰਗਿਆਰੇ ਅੱਗ ਦੇ।
ਗਗਨ ਪਤਾਲ, ਪਸ਼ੂ ਕੀ ਪੰਛੀ, ਕੂਕ ਕੂਕ ਪੈਂਦੇ ਮਾਰੇ।
ਕਿਧਰ ਗਿਓਂ ਪੀਆ ਰੋਂਦਿਆਂ ਛੱਡ ਕੇ ਨੈਣ ਫਿਰਨ ਪਏ ਲਭਦੇ,

(ਸੰਤ ਬਲਬੀਰ ਸਿੰਘ ਜੀ ਵੱਲੋਂ)

ਪਿਆਰਾ ਪਿਆਰਾ ਮੁਖੜਾ, ਭੁਲਾਂਦਾ ਸੀ ਜੋ ਦੁਖੜਾ,
ਕਿੱਥੇ ਗਿਆ, ਕਿਵੇਂ ਦੇਣਾਂ, ਕਿਨੂੰ ਕਹਾਂ ਦੱਸੇ ਕੋਈ।
ਨੈਣੀ ਨੈਣ ਪਾ ਕੇ, ਸਦਾ ਰੋਮ ਰੋਮ ਰਖ ਦਿੰਦਾ,
ਜ਼ਰਾ ਮੁਸਕ੍ਰਾਂਦਾ ਤਾਂ ਜਹਾਨ ਜੇਹਾ ਵੱਸੇ ਕੋਈ।

ਕੀਤਾ ਨ ਦੀਦਾਰ ਰੱਜ, ਲਿਆ ਨ ਪਿਆਰ ਰੱਜ,
ਓਸ ਦੀਆਂ ਯਾਦਾਂ ਵਾਲੀ ਸਾਂਗ ਅੱਜ ਧੱਸੇ ਕੋਈ।
ਪਾ ਲਿਆ ਤੁਰੇਵਾਂ ਗਲ, ਮੰਨੀ ਮੇਰੇ ਪ੍ਰੀਤਮ ਨਾ,
ਜਾ ਲਿਆ ਮਕਬਰੇ, ਤੇ ਕਿਵੇਂ ਅਜ ਹੱਸੇ ਕੋਈ।

(ਸੰਤ ਪ੍ਰੀਤਮ ਸਿੰਘ ਜੀ ਕ੍ਰਿਤ)

# ਜੋਤ ਬਦਲਦੀ ਏ ਜੋਤ ਬੁਝਦੀ ਨਹੀਂ

ਜੀਵਨ ਨਗਰ ਤੋਂ ਮੰਡੀ ਨੂੰ ਤੁਰਨ ਲੱਗਿਆਂ, ਕੀਤਾ ਇਹ ਫੁਰਮਾਨ ਪ੍ਰਤਾਪ ਸਤਿਗੁਰ ।
ਫੇਰੇ ਰਹੇ ਹੁਕਮ ਏਹਦਾ "ਮੰਨਣਾ ਜਿਸ", ਕਿਹਾ ਭਾਨ ਪਮਾਨ ਅਲਾਪ ਸਤਿਗੁਰ ।
ਨੌ ਨਿੱਧੀਆਂ ਤੇ ਮਾਲਕ ਸਿੱਧੀਆਂ ਦਾ, ਦਿੱਤਾ ਆਪ ਭਗਵਾਨ ਸੀ ਥਾਪ ਸਤਿਗੁਰ ।
ਵਾਲੀ ਪੰਥ ਦਾ ਤੇ ਜ਼ਿਮੇਵਾਰ ਘਰ ਦਾ, ਸਭਨ ਮਾਨ ਸਨਮਾਨ ਸੁਖ ਜਾਪ ਸਤਿਗੁਰ ।
ਔਂਦੀ ਭਾਵੀ ਨੂੰ ਕੋਈ ਨ ਲਖ ਸਕਿਆ, ਸਮਝੀ ਰਮਜ਼ ਅਸਾਂ ਧਰਮ ਧੁਜ ਦੀ ਨਹੀਂ ।
ਰੱਖੀ ਜੋਤ ਪਰਵਾਨ ਜਗਜੀਤ ਗੁਰ ਵਿਚ, ਜੋਤ ਬਦਲਦੀ ਏ ਜੋਤ ਬੁਝਦੀ ਨਹੀਂ ।

(ਸੰਤ ਹਰਭਜਨ ਸਿੰਘ ਜੀ ਪਰਵਾਨ)

ਜਿਹੜੀ ਗੀਤ ਗਗਿਆਣੀ ਦੀ ਤੁਰੀ ਆਈ, ਸੰਕਟ ਸਮੇਂ ਸੰਭਾਲੀ ਪ੍ਰਤਾਪ ਸਤਿਗੁਰ ।
ਹੋਮ - ਜੱਗ, ਪੂਜਾ ਪਾਠ ਵਰਨੀਆ ਤੇ ਜਪਿਆ ਨਾਮ ਜਪਾਇਆ ਜਾਪ ਸਤਿਗੁਰ ।
ਸਮਾਂ ਠੀਕ, "ਡਿੱਠਾ ਨਜ਼ਦੀਕ ਸਮਾਂ" ਉਸੇ ਵਕਤ ਸਾਰੀ ਲੋੜ ਭਾਂਪ ਸਤਿਗੁਰ ।
ਜ਼ੁੰਮੇਵਾਰੀਆਂ ਭਾਰੀਆਂ ਸਾਰੀਆਂ ਲਈ, ਵੱਡੇ ਪੁੱਤ ਨੂੰ ਥਾਪਿਆ ਆਪ ਸਤਿਗੁਰ ।
ਨੂਰ ਬਖਸ਼ ਦਿੱਤਾ, ਆਪ ਜਿਹਾ ਕੀਤਾ, ਰੀਸ ਕਰ ਸਕੇ ਕੋਈ ਤੁਰਦੀ ਨਹੀਂ ।
ਸਾਖਸ਼ਾਤ ਪਰਤੱਖ ਸਬੂਤ ਦਿੱਤਾ ਜੋਤ ਬਦਲਦੀ ਹੈ, ਜੋਤ ਬੁੱਝਦੀ ਨਹੀਂ ।

(ਸੰਤ ਸੰਤੋਖ ਸਿੰਘ ਜੀ ਸਾਜਨ)

ਨਾਨਕ ਅੰਗਦ, ਅਮਰਦਾਸ, ਰਾਮਦਾਸ, ਅਰਜਨ ਹੋਇ ਆਇਓ
ਹਰਿ ਗੋਬਿੰਦ, ਹਰਿ ਰਾਇ ਹੈ, ਹਰਿਕ੍ਰਿਸ਼ਨ ਵਿਚ ਜੋਤ ਜਗਾਇਓ
ਤੇਗ ਬਹਾਦਰ ਸੂਰਮਾ, ਸੀਸ ਦੇਹ ਜਿਨ ਧਰਮ ਬਚਾਇਓ
ਧੰਨ ਧੰਨ ਗੁਰੂ ਗੋਬਿੰਦ ਹੈ, ਖਾਲਸਾ ਸਾਜ ਜਿਨ ਰਾਹ ਦਿਖਾਇਓ

ਬਾਲਕ ਰਿਹਾ ਗੁਪਤ ਹੈ, ਰਾਮ ਸਿੰਘ ਪ੍ਰਗਟ ਹੋ ਆਇਓ
ਹਰੀ ਸਿੰਘ ਵਿਚ ਜੋਤ ਧਰ, ਵਡ ਪ੍ਰਤਾਪੀ ਰੂਪ ਬਣਾਇਓ
ਧੰਨ ਧੰਨ ਗੁਰ ਜਗਜੀਤ ਹੈ, ਭਵ ਸਾਗਰ ਤੋਂ ਪਾਰ ਤਰਾਇਓ
ਸੀਤਲ, ਦਾਤਾ, ਮਿਹਰਬਾਨ, ਚਰਨ ਪਰਸ ਅੰਮ੍ਰਿਤ ਫਲ ਪਾਇਓ

(ਪ੍ਰੋ: ਕਿਰਪਾਲ ਸਿੰਘ ਕਸੇਲ ਜੀ)

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੱਚ ਖੰਡ ਪਧਾਰ
ਜਾਣ ਦੀ ਖਬਰ ਸੁਣ ਕੇ ਜਿੱਥੇ ਨਾਮਧਾਰੀ ਸਿੱਖਾਂ ਨੂੰ ਬਹੁਤ ਦੁਖ ਹੋਇਆ, ਉੱਥੇ ਦੇਸ਼
ਬਦੇਸ਼ ਦੇ ਹੋਰ ਪ੍ਰੇਮੀਆਂ ਨੇ ਵੀ ਸਤਿਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰਕੇ
ਦੁਖ ਮਨਾਇਆ। ਸਤਿਗੁਰੂ ਜੀ ਦੀ ਦੇਹ ਦਾ ਸਸਕਾਰ, ਚੰਦਨ ਅਤੇ ਬੇਰੀ ਦੀਆਂ
ਲੱਕੜਾਂ ਦੀ ਚਿਖਾ ਬਣਾ ਕੇ ਅਤੇ ਉਪਰ ਹਵਨ ਦੀ ਸਮੱਗ੍ਰੀ, ਘਿਉ, ਬਦ
ਮੇਵੇ ਛੁਹਾਰੇ ਆਦਿ ਪਾ ਕੇ ੨੨ ਅਗਸਤ (੬ ਭਾਦਰੋਂ) ਸ਼ਾਮ ਦੇ ਛੇ ਵਜੇ ਕੀਤ
ਗਿਆ। ਇੱਥੇ ਸਸਕਾਰ ਹੁੰਦੇ ਪਾਸ ਹੀ ਮਹਾਰਾਜ ਬੀਰ ਸਿੰਘ ਜੀ ਨੇ ਅਪਣੀ
ਰੁਮਾਲੀ ਆਸਣ ਦੀ ਤਰ੍ਹਾਂ ਵਿਛਾ ਦਿੱਤੀ ਅਤੇ ਮਹਾਰਾਜ ਜਗਜੀਤ ਸਿੰਘ
(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਅਰਜ਼ ਕਰ ਉਪਰ ਬੈਠਾਇਆ
ਅਤੇ ਦੋਵੇਂ ਹੱਥ ਜੋੜ ਸਭ ਤੋਂ ਪਹਿਲਾਂ ਆਪ ਮੱਥਾ ਟੇਕਿਆ।
ਇੱਥੇ ਹੀ ਸੰਤ ਇੰਦ੍ਰ ਸਿੰਘ ਜੀ ਚਕਰਵਰਤੀ ਨੇ ਖੜੇ ਹੋ ਕੇ ਐਲਾਨ ਕੀਤਾ
ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਦੇ
ਉੱਤਰਾਧਿਕਾਰੀ, ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ, ਸ੍ਰੀ ਸਤਿਗੁਰੂ ਜਗਜੀਤ
ਜੀ ਹੋਣਗੇ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਮਿਤ ਪਾਠਾਂ ਦੇ ਭੋਗ ੨੪ ਭਾਦ
ਸੰਮਤ ੨੦੧੬ (10 ਸਤੰਬਰ ਸੰਨ 1959) ਨੂੰ ਪਾਏ ਗਏ ਅਤੇ ਇਸ ਦੇ ਪਿੱਛੋਂ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦਸਤਾਰ ਬੰਦੀ ਸਮਾਗਮ ਹੋਇਆ।
ਦਸਤਾਰਾਂ ਤਾਂ ਅਨੇਕ ਹੀ ਸੰਸਥਾਵਾਂ ਦੇ ਮੁਖੀਆਂ ਵਲੋਂ ਪੰਚਾਇਤਾਂ ਦੇ
ਮੁਖੀਆਂ ਵਲੋਂ, ਪ੍ਰਤਿਸ਼ਟ ਅਤੇ ਉਚੇਚੀਆਂ ਵਿਅਕਤੀਆਂ ਵਲੋਂ ਆਈਆਂ
ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੂਹ ਪੰਥ ਵਲੋਂ ਸ੍ਰੀ ਸਤਿਗੁਰੂ
ਪਰਤਾਪ ਸਿੰਘ ਜੀ ਦੇ ਗੜ੍ਹਵਈ, ਅਨਿੰਨ ਸੇਵਕ ਭਾਈ ਵਜ਼ੀਰ ਸਿੰ
ਹੱਥੀਂ ਅਰਪਣ ਕੀਤੀ ਹੋਈ ਦਸਤਾਰ ਸੀਸ ਤੇ ਸਜਾਈ।
ਇਸ ਸਮੇਂ ਦੀ ਸ਼ੋਭਾ ਲਿਖੀ ਨਹੀਂ ਜਾ ਸਕਦੀ। ਸੰਤ
ਇੰਦ੍ਰ ਸਿੰਘ ਜੀ, ਸਟੇਜ ਸੈਕਟਰੀ ਦੀ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ
ਨੇ ਅਪਣੇ ਆਸਣ ਤੇ ਹੀ ਖਲੋ ਕੇ ਸਾਰੀ ਸੰਗਤ ਨੂੰ ਦਰਸ਼ਨ ਦਿੱਤੇ
ਇਸ ਸਮੇਂ ਜੈਕਾਰਿਆਂ ਨਾਲ ਅਸਮਾਨ ਗੂੰਜ ਉਠਿਆ।
ਸੰਤ ਇੰਦ੍ਰ ਸਿੰਘ ਜੀ ਨੇ ਸਾਰੀ ਸੰਗਤ ਨੂੰ ਸੁਣਾ ਕੇ ਕਿਹਾ ਕਿ

ਇਹ ਵਡ ਪ੍ਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਤਾਪ ਹੈ ਕਿ
ਆਪ ਜੀ ਦੇ ਮਿਥੇ ਹੋਏ ਮੇਲੇ ਤੇ, ਅਤੇ ਆਪ ਜੀ ਦੇ ਜੋਤੀ ਜੋਤ ਸਮਾਣ
ਭੋਗ ਸਮੇਂ, ਇਤਨੇ ਭੇਖਾਂ, ਪੰਥਾਂ, ਪਾਰਟੀਆਂ ਦੇ ਮਿਲਾਪ ਵਿਚ ਸਤਿਗੁਰੂ
ਦੇ ਪਰਮ ਸੇਵਕ [illegible]

Sri Satguru Jagjit Singh Ji Elibrary NamdhariElibrary@gmail.com



੧੦ ਸਿਤੰਬਰ ੧੯੫੯ ਈ: ਸ੍ਰੀ ਭੈਣੀ ਸਾਹਿਬ–ਦਸਤਾਰ ਬੰਦੀ ਸਮਾਗਮ–ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਥਮ–ਦਰਸ਼ਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ
ਦਸਤਾਰ ਬੰਦੀ ਪਿਛੋਂ ਸਾਧ ਸੰਗਤ ਨੂੰ ਦਰਸ਼ਨ ਦੇ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

( ਸਾਖੀ )

ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰ ਗੱਦੀ ਨਸ਼ੀਨ ਹੋਣ ਤੋਂ ਪਹਿਲਾਂ ਦੀ ਗੱਲ ਹੈ ਕਿ ਇੱਕ ਸਮੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਪਣੇ ਸੇਵਕਾਂ ਸਮੇਤ ਘੋੜਿਆਂ ਤੇ ਦੌਰਾ ਕਰ ਰਹੇ ਸਨ। ਆਪ ਜੀ ਦੇ ਨਾਲ ਆਪ ਜੀ ਦੇ ਵਡੇ ਸਾਹਿਬਜ਼ਾਦੇ ਵੀ ਸਨ। ਨਾਲ ਜਾ ਰਹੇ ਸੇਵਕਾਂ ਨੂੰ ਗੁਰ ਗੱਦੀ ਦੇ ਭਵਿਖ ਦੇ ਹੋਣ ਵਾਲੇ ਜਾਨਸ਼ੀਨ ਦੇ ਬਾਰੇ ਕੁਝ ਕੁ ਜਾਣਕਾਰੀ ਦੇਣ ਵਾਸਤੇ, ਅੰਤਰਜਾਮੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਕ ਅਨੋਖਾ ਹੀ ਕਉਤਕ ਕੀਤਾ।

ਦੌਰਾ ਕਰਦੇ ਕਰਦੇ ਜਦੋਂ ਸਤਿਗੁਰੂ ਜੀ ਜ਼ਿਲਾ ਅੰਮ੍ਰਿਤ ਸਰ ਦੇ ਇਕ ਨਗਰ ਕੱਕੜਾਂ ਕੋਲੋਂ ਲੰਘਣ ਲਗੇ ਤਾਂ ਅਚਾਨਕ ਹੀ ਵਡੇ ਸਾਹਿਬਜ਼ਾਦੇ ਜੀ ਨੂੰ ਇਕ ਡੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ, " ਕਾਕਾ, ਤੂੰ ਉਸ ਡੇਰੇ ਦੇ ਸੰਤਾਂ ਕੋਲੋਂ ਇਸ ਤਰ੍ਹਾਂ ਦੀ ਬੂਟੀ ਲੈ ਆ, ਅਸਾਂ ਇਕ ਸਿੱਖ ਵਾਸਤੇ ਦਵਾਈ ਬਣਾਉਣੀ ਹੈ।"

ਭਾਵੇਂ ਇਕ ਹੋਰ ਸਿੱਖ ਨੇ ਸਾਹਿਬਜ਼ਾਦੇ ਜੀ ਦਾ ਸਤਿਕਾਰ ਕਰਦਿਆਂ ਆਪ ਜਾਣਾ ਚਾਹਿਆ, ਪਰ ਕਉਤਕ ਦੇ ਰਚਨਹਾਰ ਸਤਿਗੁਰੂ ਜੀ ਨੇ ਕਿਹਾ, " ਨਾ ਭਾਈ, ਤੂੰ ਨਾ ਜਾਹ, ਇਹ ਕੰਮ ਕਾਕੇ ਜੋਗਰਾ ਹੀ ਹੈ।"

ਇਹ ਸੁਣਦਿਆਂ ਸਾਰ ਸਾਹਿਬਜ਼ਾਦਾ ਜੀ

## ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ,

ਨੂੰ ਮੁੱਖ ਰਖਦਿਆਂ ਬੜੇ ਚਾਅ ਨਾਲ ਉਸ ਡੇਰੇ ਵੱਲ ਤੁਰ ਪਏ। ਡੇਰੇ ਪਹੁੰਚ ਕੇ ਡੇਰੇ ਦੇ ਸੰਤ ਜੀ ਨੂੰ ਖੇਚਲ ਨ ਦੇਣ ਦੇ ਖਿਆਲ ਨਾਲ, ਸਾਹਿਬਜ਼ਾਦਾ ਜੀ ਨੇ ਉਹ ਬੂਟੀ ਆਪ ਹੀ ਭਾਲ ਲਈ। ਲੋੜ ਅਨੁਸਾਰ ਉਹ ਬੂਟੀ ਲੈ ਕੇ ਜਦੋਂ ਸਾਹਿਬਜ਼ਾਦਾ ਜੀ ਵਾਪਸ ਆਉਣ ਲੱਗੇ ਤਾਂ ਅਚਾਨਕ ਹੀ ਇਕ ਬਿਰਧ ਸਾਧੂ ਕੁਟੀਆ ਵਿਚੋਂ ਬਾਹਰ ਆਇਆ, ਸਾਮ੍ਹਣੇ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਦਿਆਂ ਸਾਰ ਉੱਚੀ ਉੱਚੀ ਧੰਨ ਭਾਗ, ਧੰਨ ਭਾਗ, ਬਲਿਹਾਰ ਜਾਵਾਂ, ਬਲਿਹਾਰ ਜਾਵਾਂ ਕਹਿੰਦਾ ਹੋਇਆ ਸਾਹਿਬਜ਼ਾਦੇ ਜੀ ਦੇ ਚਰਨਾਂ ਤੇ ਢਹਿ ਪਇਆ। ਸਾਹਿਬਜ਼ਾਦਾ ਜੀ ਨੇ ਬੜੀ ਨਿਮਰਤਾ ਸਹਿਤ ਬਚਨ ਕੀਤਾ, " ਸੰਤ ਜੀ ਮੈਂ ਤਾਂ ਤੁਹਾਡੇ ਬੱਚਿਆਂ ਤੋਂ ਵੀ ਛੋਟਾ ਹਾਂ, ਤੁਸੀਂ ਬਜ਼ੁਰਗ ਹੋ, ਕਿਰਪਾ ਕਰੋ ਇਸ ਤਰ੍ਹਾਂ ਨ ਕਰੋ।"

ਸਾਹਿਬਜ਼ਾਦਾ ਜੀ ਦੇ ਕਹਿਣ ਤੇ ਉਹ ਸੰਤ ਜੀ ਖੜੇ ਹੋ ਕੇ, ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, " ਮਹਾਰਾਜ, ਮੈਂ ਤਾਂ ਦਿਲ ਵਿਚ ਧਾਰਿਆ ਹੋਇਆ ਸੀ ਕਿ ਜੇ ਗੁਰੂ ਜੀ ਦੇ ਸਾਹਿਬਜ਼ਾਦੇ ਵੀ ਕਲਾ ਵਾਲੇ ਹਨ, ਤਾਂ ਆਪੇ ਹੀ ਇੱਥੇ ਆ ਕੇ ਦਰਸ਼ਨ ਦੇਣ। ਅੱਜ ਮੇਰੇ ਵਡੇ ਭਾਗ ਹਨ ਜੋ ਆਪ ਜੀ ਨੇ ਮੈਨੂੰ ਬੁੱਢੇ ਨੂੰ ਇੱਥੇ ਆ ਕੇ ਦਰਸ਼ਨ ਦਿੱਤੇ ਹਨ

## ਵਾਰਨੈ ਬਲਿਹਾਰਨੈ ਲਖ ਬਰੀਆ

ਮੈਂ ਅੱਜ ਵਡਭਾਗਾ ਹਾਂ ਜੋ ਕਲਾਵਾਨ ਸਾਹਿਬਜ਼ਾਦੇ ਜੀ ਦੇ ਦਰਸ਼ਨ ਹੋਏ ਹਨ।"

ਇਹ ਸੁਣ ਕੇ ਸਾਹਿਬਜ਼ਾਦੇ ਜੀ ਨੇ ਆਪਣੀ ਸਦਾ ਦੀ ਨਿਮਰਤਾ

Sri Satguru Jagjit Singh Ji Elibrary NamdhariElibrary@gmail.com

ਫੁਰਮਾਂਇਆ ਕਿਹਾ, "ਸੰਤ ਜੀ ਇਹ ਕਲਾ ਤਾਂ ਸ੍ਰੀ ਸਤਿਗੁਰੂ
ਪਰਤਾਪ ਸਿੰਘ ਜੀ ਦੀ ਹੈ, ਜੋ ਸਰਬ ਕਲਾ ਸਮਰਥ ਹਨ ਅਤੇ ਜਿਨ੍ਹਾਂ ਬਾਰੇ
ਲਿਖਿਆ ਹੈ

**ਸਰਬ ਕਲਾ ਭਰਪੁਰ ਪ੍ਰਭ ਬਿਰਥਾ ਜਾਨਨਹਾਰ,**

ਸਤਿਗੁਰੂ ਜੀ ਨੇ ਹੀ ਤੁਹਾਡੀ ਭਾਵਨਾ ਪੂਰੀ ਕਰਨ ਵਾਸਤੇ, ਇੰਨੇ ਸੇਵਕਾਂ ਵਿਚੋਂ
ਉਚੇਚਾ ਮੈਨੂੰ ਹੀ ਬੂਟੀ ਲੈਣ ਵਾਸਤੇ ਆਪ ਜੀ ਦੇ ਕੋਲ ਭੇਜਿਆ ਹੈ।
ਇਹ ਵੀ ਚੰਗਾ ਹੋਇਆ ਜੋ ਇਸ ਬਹਾਨੇ ਮੈਨੂੰ ਆਪ ਜੀ ਦੇ ਦਰਸ਼ਨ
ਹੋ ਗਏ ਹਨ।"

## ( ਨਵੀਂ ਸਾਖੀ )

( ਜੱਸ ਜੀਵਨ ਗ੍ਰੰਥ ਵਿਚੋਂ )

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ
ਸ੍ਰੀ ਭੈਣੀ ਸਾਹਿਬ ਵਿਚ, ਇਕ ਸਮੇਂ ਗੱਲਾ ਵਰਤਾਉਣ ਅਤੇ ਦਾਣਿਆਂ ਦਾ
ਹਿਸਾਬ ਕਿਤਾਬ ਰੱਖਣ ਦੀ ਸੇਵਾ, ਪਿੰਡ ਗੀਗੇਵਾਲੀ, ਜ਼ਿਲੇ ਸਿਆਲ ਕੋਟ ਦਾ ਫੌਜਾ
ਸਿੰਘ ਕਰਦਾ ਹੁੰਦਾ ਸੀ ਅਤੇ ਕਪੜੇ ਦੇਣ ਦੀ ਸੇਵਾ ਮਾਸਟਰ ਬਲਵੰਤ ਸਿੰਘ
ਕਰਦਾ ਹੁੰਦਾ ਸੀ।

ਸਿੱਖਾਂ ਕੋਲੋਂ ਸੁਣ ਸੁਣਾ ਕੇ ਇਕ ਦਿਨ ਫੌਜਾ ਸਿੰਘ ਨੇ ਸੱਚੇ ਪਾਤਸ਼ਾਹ ਜੀ
ਅੱਗੇ ਅਰਜ਼ ਕੀਤੀ, "ਮਹਾਰਾਜ, ਮੈਂ ਕਈਆਂ ਸਿੱਖਾਂ ਕੋਲੋਂ ਸੁਣਿਆ ਹੈ ਕਿ
ਮਾਸਟਰ, ਆਪ ਜੀ ਵਲੋਂ ਹੁਕਮ ਹੋਣੇ ਤੇ ਵੀ ਹੱਥ ਘੁੱਟ ਕਪੜਾ ਦੇਂਦਾ ਹੈ।
ਕਿਰਪਾ ਕਰੋ ਕਿਸੇ ਹੋਰ ਉਦਾਰ ਦਿਲ ਵਾਲੇ ਨੂੰ ਇਸ ਕੰਮ ਤੇ ਲਾਓ।"

ਸਤਿਗੁਰੂ ਜੀ ਨੇ ਉਸੇ ਫੌਜਾ ਸਿੰਘ ਨੂੰ ਪੁੱਛਿਆ, "ਤੂੰ ਹੀ ਦੱਸ, ਕਿਸ ਨੂੰ ਲਾਵਾਂ?"
ਅਗੋਂ ਫੌਜਾ ਸਿੰਘ ਨੇ ਕਿਹਾ, "ਮੇਰੇ ਖਿਆਲ ਵਿਚ ਤਾਂ ਵਡੇ ਬਾਬਾ ਜੀ ਇਸ ਕੰਮ ਜੋਗਾ ਹੋਣਗੇ।"
ਸਤਿਗੁਰੂ ਜੀ ਨੇ ਉਸੇ ਵਕਤ ਇਹ ਕੰਮ ਵਡੇ ਬਾਬਾ ਜੀ ਨੂੰ ਸੌਂਪ ਦਿੱਤਾ

ਵਡੇ ਬਾਬਾ ਜੀ ਆਪਣੇ ਉਦਾਰ ਸੁਭਾ ਅਨੁਸਾਰ ਸਿੱਖਾਂ ਨੂੰ ਖੁਲ੍ਹਾ
ਕਪੜਾ ਦੇਣ ਲੱਗ ਪਏ। ਇਹ ਵੇਖਕੇ ਜਿੱਥੇ ਕਪੜਾ ਲੈਣ ਵਾਲੇ ਬੜੇ ਸੰਤੁਸ਼ਟ
ਹੋ ਕੇ ਜਾਂਦੇ, ਉੱਥੇ ਮਾਸਟਰ ਬਲਵੰਤ ਸਿੰਘ ਆਪਣੇ ਮਨ ਵਿਚ ਬੜਾ ਕੁੜ੍ਹਦਾ
ਅਤੇ ਇਕ ਦਿਨ ਸਤਿਗੁਰੂ ਜੀ ਪਾਸ ਅਰਜ ਵੀ ਕਰ ਦਿੱਤੀ, "ਸੱਚੇ ਪਾਤਸ਼ਾਹ ਜੀ!
ਬਾਬਾ ਜੀ ਤਾਂ ਕਪੜਾ ਬੜਾ ਖੁਲ੍ਹਾ ਵਰਤਾਉਂਦੇ ਹਨ, ਇਸ ਤਰ੍ਹਾਂ ਤਾਂ ਥੋੜ ਆ
ਜਾਵੇਗੀ, ਹੁਣ ਤਾਂ ਅੰਦਰ ਕਪੜਾ ਵੀ ਬਹੁਤ ਘੱਟ ਹੈ।"
ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬਾਬਾ ਜੀ ਨੂੰ ਕਿਹਾ, "ਮਾਸਟਰ ਕਹਿੰਦਾ ਹੈ ਕਿ
ਅੰਦਰ ਕਪੜਾ ਘੱਟ ਹੀ ਹੈ, ਜ਼ਰਾ ਸੰਕੋਚ ਕੇ ਵਰਤੋ।"
ਬਾਬਾ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ,
ਆਪ ਜੀ ਦੀ ਕਿਰਪਾ ਨਾਲ ਤੋਟ ਕਿਸ ਤਰ੍ਹਾਂ ਆ ਸਕਦੀ ਹੈ?
ਅਜੇ ਤਾਂ ਕਿੰਨੇ ਹੀ ਸੰਦੂਕ ਭਰੇ ਪਏ ਹੋਏ ਹਨ। ਸਿਆਮ ਤੋਂ
ਆਏ ਸੁੱਚੇ ਕਪੜੇ ਗੱਠਾਂ ਸਾਰੇ ਦੇ ਸਾਰੇ ਹੀ ਪਏ ਹੋਏ ਹਨ।"

Sri Satguru Jagjit Singh Ji Elibrary NamdhariElibrary@gmail.com

ਇਹ ਸੁਣ ਕੇ ਸਤਿਗੁਰੂ ਜੀ ਕੁਝ ਮੁਸਕੁਰਾਏ ਅਤੇ ਹੱਸੀ ਦੇ ਲਹਿਜੇ ਵਿਚ ਕਿਹਾ, "ਜਾਪਦਾ ਏ ਕਿ ਇਹ ਸਾਡੇ ਗਾਨਾਂ ਦੇ ਕਪੜੇ ਵੀ ਵੰਡ ਦੇਵੇ ਗਾ।"

ਫਿਰ ਮਾਸਟਰ ਨੂੰ ਕਿਹਾ, "ਮਾਸਟਰ ਜੀ, ਏਸ ਪਖੋਂ ਤੁਹਾਡੇ ਚੇਲੇ ਨਿੱਕੇ (ਛੋਟੇ ਬਾਬਾ ਜੀ) ਹੀ ਹਨ। ਇਹ (ਵੱਡੇ ਬਾਬਾ ਜੀ) ਤਾਂ ਮੇਰਾ ਸੁਭਾ ਹੀ ਵਰਤਦਾ ਹੈ।"

ਇਹ ਸੁਣ ਕੇ ਸਾਰੀ ਸੰਗਤ ਖੁਸ਼ ਹੋ ਕੇ ਖਿੜ ਖਿੜਾ ਕੇ ਹੱਸਣ ਲਗ ਪਈ। ਫਿਰ ਸਤਿਗੁਰੂ ਜੀ ਨੇ ਕਿਹਾ, "ਕੀ, ਮੈਂ ਠੀਕ ਹੀ ਕਿਹਾ ਹੈ ਨ?"

ਸਾਧ ਸੰਗਤ ਜੀ, ਇਹ ਸਾਖੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਗੱਦੀ ਨਸ਼ੀਨ ਹੋਣ ਤੋਂ ਪਹਿਲਾਂ ਦੀ ਹੈ
ਪਰ ਹੁਣ ਤਾਂ ਪ੍ਰਤੱਖ ਦਿੱਸਦਾ ਹੈ

## ਜੋਤਿ ਓਹਾ, ਜੁਗਤਿ ਸਾਇ,
## ਸਹਿ ਕਾਇਆ ਫੇਰਿ ਪਲਟੀਐ॥

## (ਨਵੀਂ ਸਾਖੀ)

(ਜੱਸ ਜੀਵਨ ਗ੍ਰੰਥ ਵਿਚੋਂ)

ਸਤਿਗੁਰ ਸੂਰਜ ਦੀਆਂ ਕਿਰਣਾਂ ਪਤਾ ਨਹੀਂ ਕਿਥੋਂ ਕਿਥੋਂ ਤਕ ਰੋਸ਼ਨੀ ਦੇਂਦੀਆਂ ਹਨ। ਗੁਰ ਜੀ ਦੇ ਸਿੱਖ ਅਪਣੇ ਵਿਹਾਰਾਂ ਵਾਸਤੇ ਜਿੱਥੇ ਕਿੱਥੇ ਵੀ ਗਏ ਹਨ, ਗੁਰੂ ਰੂਪ ਸੂਰਜ ਦੀ ਕਿਰਨ ਉੱਥੇ ਹੀ ਪੁਜ ਜਾਂਦੀ ਹੈ। ਸਤਿਗੁਰੂ ਜੀ ਭਾਵੇਂ ਸਰੀਰ ਵੀ ਬਦਲ ਲੈਣ ਤਾਂ ਵੀ ਅਪਣੇ ਸਿੱਖਾਂ ਨੂੰ ਭੁਲਦੇ ਨਹੀਂ। ਅਪਣੇ ਬਦਲੇ ਹੋਏ ਸਰੀਰ ਵਿਚ ਵੀ ਸਿੱਖਾਂ ਨੂੰ ਭਾਲ ਭਾਲ ਕੇ ਦਰਸ਼ਨ ਦੇਣ ਜਾਂਦੇ ਹਨ ਜਾਂ ਪ੍ਰੇਰ ਕੇ ਅਪਣੇ ਵੱਲ ਖਿੱਚ ਲੈਂਦੇ ਹਨ।

ਸੰਮਤ ਬਿਕਰਮੀ 2021 (ਸੰਨ 1964) ਦੇ ਸਰਸੇ ਵਿਚ ਹੋਏ ਹੋਲੇ ਦੇ ਮੇਲੇ ਪਿਛੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਪਣੇ ਸੇਵਕਾਂ ਸਮੇਤ ਕਾਰ ਤੇ ਹਿਸਾਰ ਵਲੋਂ ਆ ਰਹੇ ਸਨ। ਕਾਰ ਜਦੋਂ ਮੋਰੀ ਵਾਲੇ ਪੁਜੀ ਤਾਂ ਡਰਾਈਵਰ ਨੂੰ ਇਸ਼ਾਰਾ ਕਰ ਕੇ ਸਤਿਗੁਰ ਜੀ ਨੇ ਕਾਰ ਰੁਕਵਾਈ ਅਤੇ ਬਚਨ ਕੀਤਾ, "ਭਾਈ ਸਿਖੋ, ਇਥੇ ਮੈਂ ਸ੍ਰ: ਰਵੇਲ ਸਿੰਘ ਦੇ ਘਰੋਂ ਮਾਤਾ ਜੀ ਨੂੰ ਮਿਲਣਾ ਹੈ।"

ਇਹ ਬਚਨ ਕਰ ਕੇ ਸਤਿਗੁਰੂ ਜੀ ਸਿੱਖਾਂ ਸਮੇਤ ਕਾਰ ਤੋਂ ਉਤਰ ਕੇ ਸਰਦਾਰ ਜੀ ਦੇ ਘਰ ਵੱਲ ਤੁਰ ਪਏ। ਜਦੋਂ ਘਰ ਪਹੁੰਚੇ ਤਾਂ ਵੇਖਿਆ ਕਿ ਘਰ ਦਾ ਦਰਵਾਜ਼ਾ ਬੰਦ ਹੈ ਅਤੇ ਤਾਲੇ ਲੱਗੇ ਹੋਏ ਹਨ ਪਰ ਹਵੇਲੀ ਦਾ ਦਰਵਾਜ਼ਾ ਖੁਲ੍ਹਾ ਸੀ ਅਤੇ ਉਥੇ ਮੱਝਾਂ ਦੇ ਬੱਝੇ ਸਨ। ਹੁਕਮ ਅਨੁਸਾਰ ਹਵੇਲੀ ਵਿਚ ਹੀ ਮੰਜੇ ਡਾਹੇ ਗਏ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਇਕ ਮੰਜੇ ਤੇ ਬਹਿ ਗਏ ਅਤੇ ਸਿੱਖ ਦੂਜਿਆਂ ਮੰਜਿਆਂ ਤੇ ਬਹਿ ਗਏ। ਉਸੇ ਹਵੇਲੀ ਵਿਚ ਹੀ ਇਕ ਆਲੇ ਵਿਚ ਦੁੱਧ ਦੀਆਂ ਕਾੜ੍ਹਨੀਆਂ ਵਿਚ ਦੁੱਧ ਪਇਆ ਹੋਇਆ ਸੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੱਖ ਕਾਰ ਵਿਚੋਂ ਗੜਵੇ, ਗਲਾਸ, ਥਾਲੀਆਂ ਅਤੇ ਖੰਡ ਲੈ ਆਏ। ਕਾੜ੍ਹਨੀਆਂ ਵਿਚੋਂ ਦੁੱਧ ਪਾ ਕੇ, ਖੰਡ ਰਲਾ ਕੇ, ਸਤਿਗੁਰੂ ਜੀ ਅਤੇ ਸਿੱਖਾਂ ਨੇ ਛਕਿਆ। ਇੰਨੇ ਚਿਰ ਨੂੰ ਸਰਦਾਰ ਘਰ ਪਹੁੰਚ ਗਿਆ ਪਰ ਘਰ ਦੀਆਂ ਚਾਬੀਆਂ ਉਸ ਕੋਲ ਵੀ ਨਹੀਂ ਸਨ। ਸਰਦਾਰ ਨੇ ਹੱਸਦੇ ਹੱਸਦੇ ਦਸ ਰੁਪੈ ਦਾ ਨੋਟ ਰਖ ਕੇ ਚਰਨਾਂ ਤੇ ਮੱਥਾ ਟੇਕਿਆ ਅਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ "ਸੱਚੇ ਪਾਤਸ਼ਾਹ ਜੀ, ਅੱਜ ਤਾਂ ਤੁਸਾਂ ਨੇ ਬੜੀ ਕਿਰਪਾ ਕੀਤੀ ਹੈ ਜੋ ਬਿਦਰ ਨੂੰ ਚੁਪਕੇ ਹੀ ਆ ਨਿਵਾਜਿਆ ਹੈ। ਜੇ ਆਪ ਜੀ ਦਾ ਹੁਕਮ ਹੋਵੇ ਤਾਂ ਤਾਲਾ ਤੋੜ੍ਹਾਂ ਨਹੀਂ ਤਾਂ ਮੈਂ ਭੱਜ ਕੇ ਖੇਤ ਵਿਚੋਂ ਸੁਖਵੰਤ ਕੌਰ ਨੂੰ ਸੱਦ ਲਿਆਵਾਂ, ਉਸ ਨੇ ਸੋਧ ਵੀ ਰਖੀ ਹੋਈ ਹੈ, ਜਲ ਪਾਣੀ ਛਕਣ ਛਕਾਣ ਵਿਚ ਸੌਖ ਰਹੇਗਾ।

ਸਤਿਗੁਰੂ ਜੀ ਨੇ ਮੁਸਕ੍ਰਾਇਆਂ ਕਿਹਾ "ਭਾਈ, ਜਲ ਪਾਣੀ ਤਾਂ ਅਸਾਂ ਛਕ ਲਿਆ ਹੈ, ਅਸਾਂ ਤੁਹਾਡੇ ਤੋਂ ਚੋਰੀ ਹੀ, ਤੁਹਾਡੀਆਂ ਕਾੜ੍ਹਨੀਆਂ ਵਿਚੋਂ ਦੁੱਧ ਕੱਢ ਕੇ ਮਿਠਾ ਪਾ ਕੇ ਛਕ ਲਿਆ ਹੈ, ਹੁਣ ਜਲ ਪਾਣੀ ਦੀ ਲੋੜ ਨਹੀਂ ਰਹੀ। ਹੁਣ ਕਿਰਪਾ ਕਰਕੇ ਮਾਤਾ ਖੁਸ਼ਵੰਤ ਕੌਰ ਜੀ ਦਾ ਖੇਤ ਦੱਸੋ ਤਾਂ ਮੈਂ ਉਥੇ ਜਾ ਕੇ ਉਨ੍ਹਾਂ ਨੂੰ ਮਿਲ ਆਵਾਂ। ਮੈਂ ਉਨ੍ਹਾਂ ਨੂੰ ਜਰੂਰ ਮਿਲਣਾ ਹੈ ਨਹੀਂ ਤਾਂ ਉਹ ਸਾਰੀ ਉਮਰ ਮੇਰੇ ਤੇ ਗਿਲਾ ਹੀ ਕਰਦੇ ਰਹਿਣਗੇ, ਕਹਿਣਗੇ ਆਇਆ ਸੀ ਮਿਲ ਕੇ ਵੀ ਨਹੀਂ ਗਿਆ, ਮੈਨੂੰ ਇਹੋ ਜਿਹੇ ਪ੍ਰੇਮੀਆਂ ਕੋਲੋਂ ਡਰ ਲਗਦਾ ਹੈ ਕਿ ਕੋਈ ਬੋਲਾ ਹੀ ਨ ਬੋਲ ਦੇਣ।"

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਰਦਾਰ ਜੀ ਵੀ ਕਾਰ ਵਿਚ ਬਹਿ ਗਏ ਅਤੇ ਥੋੜੀ ਦੇਰ ਵਿਚ ਹੀ ਕਾਰ ਸਰਦਾਰ ਜੀ ਦੇ ਬਾਗ ਵਿਚ ਜਾ ਖੜੀ ਹੋਈ। ਚਿੱਟੀ ਝੰਡੀ ਵਾਲੀ ਸਤਿਗੁਰੂ ਜੀ ਕਾਰ ਪਛਾਣ ਕੇ ਮਾਤਾ ਖੁਸ਼ਵੰਤ ਕੌਰ ਜੀ ਅਤੇ ਉਸ ਦੀਆਂ ਨੂੰਹਾਂ ਧੀਆਂ ਦੂਰੋਂ ਹੀ ਉੱਚੀ ਉੱਚੀ "ਸਤਿਗੁਰੂ ਜੀ ਆ ਗਏ," ਸਤਿਗੁਰੂ ਜੀ ਆ ਗਏ" ਕਹਿੰਦੀਆਂ ਹੋਈਆਂ ਭਜੀਆਂ ਹੋਈਆਂ ਆਈਆਂ ਅਤੇ ਸਭ ਨੇ ਪ੍ਰੇਮ ਨਾਲ ਮੱਥਾ ਟੇਕਿਆ। ਮਾਤਾ ਖੁਸ਼ਵੰਤ ਕੌਰ ਤਾਂ ਵੈਰਾਗਣ ਹੀ ਹੋ ਗਈ ਅਤੇ ਸਜਲ ਨੇਤ੍ਰਾਂ ਨਾਲ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ ਤੁਸਾਂ ਬੜੀ ਕਿਰਪਾ ਕੀਤੀ ਹੈ ਜੋ ਸਾਨੂੰ ਪਾਪੀਆਂ ਨੂੰ ਦਰਸ਼ਨ ਦਿੱਤੇ ਹਨ। ਸਫ਼ਰ ਕਰਦੇ ਥੱਕ ਗਏ ਹੋਵੋਗੇ ਅਤੇ ਭੁੱਖ ਤਰੇਹ ਵੀ ਲੱਗੀ ਹੋਵੇਗੀ, ਕਿਰਪਾ ਘਰ ਚਰਨ ਪਾਉ, ਜਲ ਪਾਣੀ ਛਕੋ।" ਇਹ ਸੁਣ ਕੇ ਸਾਰੇ ਹੱਸ ਪਏ ਅਤੇ ਸਤਿਗੁਰੂ ਜੀ ਦੇ ਬਚਨ ਕਰਨ ਤੋਂ ਪਹਿਲਾਂ ਹੀ ਸਰਦਾਰ ਜੀ ਨੇ ਹੱਸਦਿਆਂ ਹੱਸਦਿਆਂ ਕਿਹਾ, "ਅੱਜ ਤੇ ਇਨ੍ਹਾਂ ਨੇ ਬੜੀ ਕਿਰਪਾ ਕੀਤੀ ਹੈ। ਜਿਸ ਤਰ੍ਹਾਂ ਮੈਂ ਸੁਣਿਆ ਸੀ ਕਿ ਇਕ ਵੇਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਾਛੀਕੇ ਜਾ ਕੇ ਸੰਤ ਫ਼ਤਹ ਸਿੰਘ ਜੀ ਦੇ ਘਰੋਂ, ਘਰ ਵਾਲਿਆਂ ਦੀ ਗੈਰ ਹਾਜ਼ਰੀ ਵਿਚ, ਆਪੇ ਹੀ ਭਾਂਡਿਆਂ ਵਿਚੋਂ ਰਸਦ ਲੈ ਲੰਗਰ ਕਰ ਛਕਿਆ ਸੀ, ਇਸੇ ਤਰ੍ਹਾਂ

NO. 46

ਅੱਜ ਇਨ੍ਹਾਂ ਸਤਿਗੁਰਾਂ ਨੇ ਵੀ, ਸਾਡੇ ਸਾਰਿਆਂ ਦੀ ਗੈਰ-ਹਾਜ਼ਰੀ ਵਿਚ ਅਤੇ ਘਰ ਦੇ ਦਰਵਾਜ਼ੇ ਤੇ ਤਾਲੇ ਵਜੇ ਹੋਣ ਦੇ ਬਾਵਜੂਦ, ਹਵੇਲੀ ਦੇ ਆਲੇ ਵਿਚ ਪਈਆਂ ਹੋਈਆਂ ਕਾੜ੍ਹਨੀਆਂ ਵਿਚੋਂ ਆਪੇ ਹੀ ਦੁੱਧ ਪਾ ਕੇ ਅਪਣੇ ਕੋਲੋਂ ਖੰਡ ਮਿਲਾ ਕੇ, ਅਪਣੇ ਸੋਧ ਦੇ ਗਲਾਸ ਵਿਚ ਛੱਕ ਲਿਆ ਹੈ ਅਤੇ ਸਿੱਖਾਂ ਨੇ ਵੀ ਛੱਕ ਲਿਆ ਹੈ। ਅੱਜ ਤਾਂ ਇਨ੍ਹਾਂ ਨੇ ਹੱਦ ਹੀ ਕਰ ਦਿੱਤੀ ਹੈ। ਬਿਲਕੁਲ ਹੀ ਉਸੇ ਤਰ੍ਹਾਂ ਕੀਤਾ ਹੈ ਜਿਸ ਤਰ੍ਹਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਦੇ ਕਦੇ ਸਿੱਖਾਂ ਦੀ ਗੈਰ ਹਾਜ਼ਰੀ ਵਿਚ ਉਨ੍ਹਾਂ ਦੇ ਘਰਾਂ ਵਿਚ ਰਹਿਣ ਵੀ ਪਾ ਜਾਂਦੇ ਸਨ ਅਤੇ ਜਲ ਪਾਣੀ ਵੀ ਛੱਕ ਜਾਂਦੇ ਸਨ।

ਇਹ ਸੁਣਦਿਆਂ ਸਾਰ ਮਾਤਾ ਖੁਸ਼ਵੰਤ ਕੌਰ ਮਸਤਾਨੀ ਹੋ ਗਈ ਅਤੇ ਉੱਚੀ ਉੱਚੀ ਕਹਿਣ ਲੱਗ ਪਈ, " ਬਲਿਹਾਰ, ਬਲਿਹਾਰ ਬਲਿਹਾਰ ਸਤਿਗੁਰੂ ਜੀ, ਮੈਂ ਬਲਿਹਾਰੀ ਤੇਰ "

ਫਿਰ ਅਪਣੇ ਪਤੀ ਦੇਵ ਜੀ ਨੂੰ ਕਹਿਣ ਲੱਗੀ, " ਸਰਦਾਰ ਜੀ ਭੁਲੇਖੇ ਵਿਚ ਨ ਰਿਹਾ ਜੇ

ਇਹ ਹੀ ਸਤਿਗੁਰੂ ਪਰਤਾਪ ਸਿੰਘ ਜੀ ਹਨ

ਇਹ ਹੀ ਸਤਿਗੁਰੂ ਪਰਤਾਪ ਸਿੰਘ ਜੀ ਹਨ

ਤੁਸਾਂ ਸੁਣਿਆ ਨਹੀ ਹੈ ਕਿ

ਅਰਜਨੁ ਕਾਇਆ ਪਲਟ ਕੇ

ਮੂਰਤ ਹਰਿ ਗੋਬਿੰਦ ਸਵਾਰੀ।

ਅਤੇ ਤੁਸੀਂ ਆਪ ਹੀ ਵੇਖ ਲਵੋ

ਸੋ ਟਿਕਾ, ਸੋ ਬੈਹਣਾ, ਸੋਈ ਦੀਬਾਣੁ ॥

ਪਿਯੂ ਦਾਦੇ ਜੇਵਿਹਾ, ਪੋਤਾ ਪਰਵਾਣੁ ॥

Sri Satguru Jagjit Singh Ji Elibrary NamdhariElibrary@gmail.com

## ( ਨਵੀਂ ਸਾਖੀ )

ਸੰਤ ਤਰਨ ਸਿੰਘ ਜੀ ਵਹਿਮੀ ਨੇ ਜੱਸ ਜੀਵਨ ਗ੍ਰੰਥ ਵਿਚ ਲਿਖਿਆ ਹੈ ਕਿ ਜਥੇਦਾਰ ਗੁਰਦਿੱਤ ਸਿੰਘ ਜੀ ਪਿੰਡ ਸਮਰਾ ਜ਼ਿਲਾ ਗੁਰਦਾਸਪੁਰ ਵਾਲੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਦੇ ਮੇਲੇ ਤੇ ਗਏ ਸਨ ਅਤੇ ਉਥੇ ਦੀਵਾਨ ਵੀ ਲਾਇਆ ਸੀ ਪਰ

### ਬਾਝਹੁ ਪਿਆਰੇ ਕੋਇ ਨ ਸਾਰੇ

ਅਨੁਸਾਰ ਉੱਥੇ ਨਾ ਤਾਂ ਕਿਸੇ ਨੇ ਜਥੇਦਾਰ ਜੀ ਨੂੰ ਬੁਲਾਇਆ ਅਤੇ ਨਾ ਹੀ ਕਿਸੇ ਨੇ ਸਿਞਾਣਿਆ। ਉਦਾਸ ਚਿੱਤ ਜਦੋਂ ਆਪਣੇ ਪਿੰਡ ਵਾਪਸ ਆਏ ਤਾਂ ਚਿੰਤਾ ਲਗ ਗਈ ਕਿ ਹੁਣ ਤਾਂ ਸਾਡੀ ਕੋਈ ਕਦਰ ਹੀ ਨਹੀਂ, ਕਿਸੇ ਗਿਣਤੀ ਵਿਚ ਨਹੀਂ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਦੀ ਕਦੀ ਬਚਨ ਵੀ ਕਰਦੇ ਸਨ ਅਤੇ ਕਦੀ ਕਦੀ ਆਓ ਜਥੇਦਾਰ ਜੀ ਕਹਿ ਕੇ ਬੁਲਾਂਦੇ ਵੀ ਸਨ। ਜਦੋਂ ਆਓ ਜਥੇਦਾਰ ਜੀ ਕਹਿੰਦੇ ਸਨ ਦਿਲ ਬਾਗ ਬਾਗ ਹੋ ਜਾਂਦਾ ਸੀ, ਸ਼ਰਧਾ ਵੱਧ ਜਾਂਦੀ ਸੀ ਮਾਨੋ ਨੌ ਨਿੱਧੀਆਂ ਮਿਲ ਗਈਆਂ ਹੋਣ, ਪਰ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀ ਰਜ਼ਾ ਦੇ ਮਾਲਕ ਹਨ। ਨਵੇਂ ਪਾਤਸ਼ਾਹ, ਨਵੇਂ ਸਲਾਹ ਕਾਰ ਅਤੇ ਨਵੇਂ ਹੀ ਪਰਚਾਰਕ। ਨਾਲੇ ਇਹ ਸਤਿਗੁਰੂ ਜੀ ਸਰੀਰ ਕਰਕੇ ਵੀ ਨੌਜਵਾਨ ਹਨ। ਇਨ੍ਹਾਂ ਨੇ ਤਾਂ ਨੌਜਵਾਨਾਂ ਨੂੰ ਮਾਨ ਬਖਸ਼ਣਾ ਹੈ। ਹੁਣ ਤਾਂ ਮੈਨੂੰ ਘਟ ਪੜ੍ਹੇ ਲਿਖੇ ਨੂੰ ਅਤੇ ਜਵਾਨੀ ਢਲੀ ਵਾਲੇ ਨੂੰ ਕਿਸੇ ਪੁਛਣਾ ਹੀ ਨਹੀਂ। ਸੰਗਤ ਵੀ ਨਵੇਂ ਨਵੇਂ ਪਰਚਾਰਕ ਪਸੰਦ ਕਰਦੀ ਹੈ, ਨਵੇਂ ਨਵੇਂ ਪ੍ਰਸੰਗ ਅਤੇ ਨਵੀਆਂ ਨਵੀਆਂ ਧਾਰਨਾ ਸੁਨਣਾ ਚਾਹੁੰਦੀ ਹੈ। ਇਸ ਤਰ੍ਹਾਂ ਦੀਆਂ ਕਈ ਸੋਚਾਂ ਸੋਚਦੇ ਰਹਿੰਦੇ ਅਤੇ ਕਈ ਵਾਰੀ ਵੈਰਾਗੀ ਹੋ ਜਾਂਦੇ ਅਤੇ ਪੜ੍ਹਦੇ

ਸਾਨੂੰ ਸਤਿਗੁਰੂ ਬਾਝ ਹਨੇਰਾ,
ਚੰਦ ਭਾਵੇਂ ਨਿਤ ਚੜ੍ਹਦਾ।
ਨਹੀਂ ਭੁਲਣਾ ਵਿਛੋੜਾ ਤੇਰਾ,
ਸਭ ਦੁਖ ਭੁਲ ਜਾਣਗੇ।

ਜਥੇਦਾਰ ਜੀ ਆਪਣੇ ਮਨ ਨੂੰ ਸਮਝਾਉਣ ਵਾਸਤੇ ਕਈ ਸ਼ਬਦ ਪੜ੍ਹਦੇ ਪਰ ਮਨ ਵਿਚੋਂ ਇਹ ਚਿੰਤਾ ਨਹੀਂ ਸੀ ਗਈ ਕਿ ਹੁਣ ਤਾਂ ਸਾਨੂੰ ਕਿਸੇ ਪੁੱਛਣਾ ਹੀ ਨਹੀਂ। ਬੜੇ ਝੁਰਦੇ ਰਹਿੰਦੇ। ਇਕ ਦਿਨ ਅਰਦਾਸ ਕਰਦਿਆਂ ਅਰਜ਼ ਕੀਤੀ, "ਹੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਅਸਾਂ ਸਾਰੇ ਗਹਿਣੇ ਭੰਨ ਤੋੜ ਕੇ ਇਕੋ ਗਹਿਣਾ ਬਣਾਯਾ ਸੀ

Sri Satguru Jagjit Singh Ji Elibrary NamdhariElibrary@gmail.com

## ਅਵਰ ਓਟ ਮੈਂ ਸਗਲੀ ਦੇਖੀ
## ਇਕ ਤੇਰੀ ਓਟ ਰਹਾਈਐ ।

ਸੱਚੇ ਪਾਤਸ਼ਾਹ ਜੀ, ਸਾਰਿਆਂ ਪਾਸਿਓਂ ਨਿਰਾਸ ਹੋ ਕੇ ਤੁਹਾਡੀ ਸ਼ਰਣ ਵਿਚ ਆਇਆ ਸਾਂ। ਤੁਸੀਂ ਤਾਂ ਮਲਕੜੇ ਹੀ ਸੱਚ ਖੰਡ ਪਧਾਰ ਗਏ ਹੋ। ਮੈਂ ਗ਼ਰੀਬ ਕੀ ਕਰਾਂ, ਕੋਈ ਪੁੱਛਦਾ ਹੀ ਨਹੀਂ। ਸਤਿਗੁਰੂ ਜੀ, ਜੇ ਤੁਸਾਂ ਜ਼ਰੂਰ ਹੀ ਜਾਣਾ ਸੀ ਤਾਂ ਆਪ ਜੀ ਨੇ ਇਸ ਦਾਸ ਨੂੰ ਪਹਿਲੋਂ ਕਿਉਂ ਨ ਤੋਰ ਦਿੱਤਾ। ਹੁਣ ਤਾਂ

### ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,

ਇਸ ਤਰ੍ਹਾਂ ਤਰਲੇ ਮਿੰਨਤਾਂ ਕਰਦਿਆਂ 20-25 ਦਿਨ ਲੰਘ ਗਏ।

ਇਕ ਰਾਤ ਸੁੱਤਿਆਂ ਨੂੰ ਸੁਪਨੇ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ, ਨਾਲ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸਨ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਬਚਨ ਕੀਤਾ "ਜਥੇਦਾਰਾ, ਤੂੰ ਇੰਨਾ ਕਿਉਂ ਝੂਰਦਾ ਹੈਂ? ਇੰਨਾ ਫਿਕਰ ਕਿਉਂ ਕਰਦਾ ਹੈਂ? ਜਿਸ ਤਰ੍ਹਾਂ ਮੈਂ ਤੈਨੂੰ ਜਾਣਦਾ ਸਾਂ, ਉਸੇ ਤਰ੍ਹਾਂ ਇਹ ਵੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲ ਇਸ਼ਾਰਾ ਕਰ ਕੇ) ਤੈਨੂੰ ਜਾਣਦੇ ਹਨ, ਇਹ ਮੇਰਾ ਹੀ ਰੂਪ ਹਨ, ਹੁਣ ਮੇਰੀ ਥਾਂ ਤੇ ਇਨ੍ਹਾਂ ਨੂੰ ਮੰਨਿਆ ਕਰ, ਤੂੰ ਤਾਂ ਪਰਚਾਰਕ ਹੈਂ, ਤੈਨੂੰ ਸਗੋਂ ਪਰਚਾਰ ਕਰਕੇ ਸੰਗਤ ਨੂੰ ਦੱਸਣਾ ਚਾਹੀਦਾ ਹੈ ਕਿ ਹੁਣ ਸਮੇਂ ਦੇ ਹਾਕਮ ਇਹ ਹਨ, ਇਹ ਹਰ ਤਰ੍ਹਾਂ ਸਮਰੱਥ ਹਨ। ਯਾਦ ਰਖ, ਆਪਣਾ ਦੀਵਾਨ ਲਾਉਣ ਅਥਵਾ ਪਰਚਾਰ ਕਰਨਾ ਛਡਣਾ ਨਹੀਂ, ਇਸ ਨਾਲ ਕਈਆਂ ਦਾ ਭਲਾ ਹੋ ਜਾਂਦਾ ਹੈ।"

ਅਗਲੀ ਸਵੇਰ ਜਦੋਂ ਜਥੇਦਾਰ ਜੀ ਉੱਠੇ ਤਾਂ ਚਿਹਰੇ ਤੇ ਰੌਣਕ ਜਾਪਦੀ ਸੀ, ਇਕ ਤਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਹੋ ਗਏ ਸਨ ਅਤੇ ਦੂਜਾ ਉਹ ਆਪ ਆਪਣੇ ਮੁੱਖਾਰਬਿੰਦ ਤੋਂ ਫੁਰਮਾ ਗਏ ਸਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਮੇਰਾ ਹੀ ਸਰੂਪ ਹਨ।

ਹੁਣ ਜਥੇਦਾਰ ਜੀ ਨੂੰ ਨਿਸਚਾ ਹੋ ਗਿਆ ਕਿ ਠੀਕ

### ਅਰਜਨ ਕਾਇਆ ਪਲਟ ਕੇ ਮੂਰਤਿ ਹਰਿਗੋਬਿੰਦ ਸਵਾਰੀ।

## ( ਨਵੀਂ ਸਾਖੀ )

( ਬੀਬੀ ਜਸਬੀਰ ਕੌਰ ਸ਼ਿਮਲਾ )

ਸੌ ਸਾਖੀ ਵਿਚ ਲਿਖਿਆ ਹੋਇਆ ਹੈ

### ... ਜੋ ਨਾਮੀ ਨਾਨਕ ਧਰ ਅਵਤਾਰ।

Sri Satguru Jagjit Singh Ji Elibrary NamdhariElibrary@gmail.com

ਸਾਰੇ ਕਲਿਜੁਗ ਵਿਚ ਪਹਿਰਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਹੈ । ਦੁਨਿਆਵੀ ਮਰਜਾਦਾ ਨੂੰ ਮੁਖ ਰਖਦਿਆਂ ਹੋਇਆਂ ਉਹ ਹੀ ਸਰੀਰ ਅਤੇ ਨਾਮ ਬਦਲ ਕੇ ਪਹਿਰਾ ਦੇ ਰਹੇ ਹਨ । ਸ੍ਰੀ ਗੁਰੂ ਨਾਨਕ ਦੇਵ ਜਦੋਂ ਸਰੀਰ ਬਦਲਦੇ ਹਨ ਉਦੋਂ ਪਹਿਲੇ ਸਰੀਰ ਦੇ ਪ੍ਰੇਮੀਆਂ ਨੂੰ ਬੜਾ ਦੁਖ ਹੁੰਦਾ ਹੈ । ਪਰ ਜਦੋਂ ਨਵੇਂ ਸਰੀਰ ਤੇ ਸ਼ਰਧਾ ਬਣ ਜਾਂਦੀ ਹੈ ਤਾਂ ਫਿਰ ਸਭ ਨੌ ਬਰ ਨੌ ਹੋ ਜਾਂਦੇ ਹਨ । ਇੱਥੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਕ ਪ੍ਰੇਮੀ ਸੰਤ ਹਰਨਾਮ ਸਿੰਘ ਜੀ ਦੀ ਸਾਖੀ ਹੈ ।

ਸ਼੍ਰੋਮਣੀ ਭਗਤ ਕਬੀਰ ਜੀ ਲਿਖਦੇ ਹਨ

**ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ।**
**ਦੇਹੀ ਕਿਸ ਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮੁ ॥**

ਭਾਵ ਨਾਮ ਜਪਣ ਵਾਲਾ ਆਪ ਤਾਂ ਪਵਿਤ੍ਰ ਹੁੰਦਾ ਹੀ ਹੈ ਅਤੇ ਇਸ ਦੇ ਨਾਲ ਉਹ ਗ੍ਰਾਮ ( ਗਾਂਵ ) ਜਿੱਥੇ ਉਹ ਰਹਿੰਦਾ ਹੈ ਉਹ ਸਾਰਾ ਹੀ ਪਵਿਤ੍ਰ ਹੋ ਜਾਂਦਾ ਹੈ

ਇਕ ਪਵਿਤ੍ਰ ਗ੍ਰਾਮ ਬ੍ਰਹਮੀ ਵਿਚ ਇਕ ਨਾਮ ਦੇ ਰਸੀਏ ਸੰਤ ਹਰਨਾਮ ਸਿੰਘ ਜੀ ਰਹਿੰਦੇ ਸਨ । ਉਨ੍ਹਾਂ ਦੀ ਬ੍ਰਿਤੀ ਐਸੀ ਅਡੋਲ ਸੀ ਕਿ ਜਦੋਂ ਭਜਨ ਕਰਨ ਅਤੇ ਕਿਸੇ ਇਕਾਂਤ ਜਗਾਹ ਜਾਂ ਕਿਸੇ ਪਹਾੜ ਤੇ ਜਾ ਬਹਿੰਦੇ ਤਾਂ ਕਿੰਨਾ ਕਿੰਨਾ ਚਿਰ ਸਮਾਧੀ ਹੀ ਲਗੀ ਰਹਿੰਦੀ । ਜਦੋਂ ਸਮਾਧੀ ਖੁਲ੍ਹਣੀ ਜਾਂ ਜਦੋਂ ਕੋਈ ਛਕਣ ਦੀ ਇੱਛਾ ਹੋਣੀ. ਤਾਂ ਮੰਡੀ ਸ਼ਹਿਰ ਦੇ ਕਿਸੇ ਪ੍ਰੇਮੀ ਸਿੱਖ ਦੇ ਘਰੋਂ ਪਰਸ਼ਾਦਾ ਛਕ ਜਾਂਦੇ ਸਨ ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵੀ ਉਨ੍ਹਾਂ ਨੂੰ ਬੜਾ ਪਿਆਰ ਕਰਿਆ ਕਰਦੇ ਸਨ, ਇਹ ਹੀ ਵਜ੍ਹਾ ਸੀ ਕਿ ਜਦੋਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸੱਚ ਖੰਡ ਪਧਾਰ ਗਏ ਸਨ ਤਾਂ ਸੰਤ ਜੀ ਬੜੇ ਉਦਾਸ ਰਹਿੰਦੇ ਸਨ । ਹੁਣ ਉਹ ਅਪਣੇ ਮਨ ਦਾ ਦੁਖ ਕਿਸ ਨੂੰ ਸੁਣਾਉਣ, ਉਹ ਕਿਸ ਨਾਲ ਜੀ ਭਰ ਕੇ ਗਲਾਂ ਕਰਨ

**ਜੋ ਮੈ ਬੇਦਨ ਸਾ ਕਿਸੁ ਆਖਾ ਮਾਈ**

ਖੈਰ ਕਿਸੇ ਤਰ੍ਹਾਂ ਕੁਝ ਸਮਾਂ ਲੰਘ ਗਿਆ । ਇਕ ਦਿਨ ਆਪ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਨੂੰ ਤੁਰ ਪਏ । ਰਾਹ ਵਿਚ ਕੁਝ ਇਹ ਜੇਹੀਆਂ ਸੋਚਾਂ ਸੋਚਦੇ ਰਹੇ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤਾਂ ਬੜਾ ਪਿਆਰ ਕਰਿਆ ਕਰਦੇ ਸਨ ਪਤਾ ਨਹੀਂ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇੜੇ ਵੀ ਆਉਣ ਦਿੰਦੇ ਹਨ ਕਿ ਨਹੀਂ

**ਹਲਿਆ ਗਿਣਦਾ ਗੱਟੀਆਂ ਕਿਉਂਕਰ ਜਾਣੀਐ ਕੌਣ ਮਿਲਾਏ ।**

ਜਦੋਂ ਆਪ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਕੋਠੀ ਵਲ ਜਾ ਰਹੇ ਸਨ ਤਾਂ ਰਾਹ ਵਿਚ ਇਕ ਬਜ਼ੁਰਗ ਮਾਤਾ ਮਿਲੀ । ਸੰਤ ਜੀ ਨੇ ਉਸ ਮਾਤਾ ਜੀ ਸਤਿ ਸ੍ਰੀ ਅਕਾਲ ... ਘਰ ਨਾਮ ਕੀ ਦੇ ?"

ਉਸ ਮਾਤਾ ਨੇ ਕਿਹਾ, " ਸੰਤ ਜੀ, ਲੋਕ ਮੈਨੂੰ ਬੇਬੇ ਗੁਬਿੰਦਨੀ ਕਰ ਕੇ ਸੱਦਦੇ ਹਨ। ਫਿਰ ਸੰਤ ਜੀ ਨੇ ਗੱਲਾਂ ਬਾਤਾਂ ਕਰਦਿਆਂ ਕਿਹਾ, " ਬੇਬੇ ਜੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤਾਂ ਆਪ ਮੈਨੂੰ ਬੁਲਾ ਕੇ ਕਿੰਨਾ ਕਿੰਨਾ ਚਿਰ ਬਚਨ ਬਿਲਾਸ ਕਰਦੇ ਰਹਿੰਦੇ ਸਨ, ਬੜਾ ਪਿਆਰ ਕਰਦੇ ਸਨ। ਉਨ੍ਹਾਂ ਦੇ ਜਾਣ ਨਾਲ ਮੇਰੇ ਵਾਸਤੇ ਤਾਂ ਸਾਰੀ ਦੁਨੀਆ ਹੀ ਸੁੰਨੀ ਹੋ ਗਈ ਹੈ। ਹੁਣ ਇਹ ਸਤਿਗੁਰੂ ਜੀ ਪਤਾ ਨਹੀਂ, ਨੇੜੇ ਵੀ ਆਉਣ ਦਿੰਦੇ ਹਨ ਕੇ ਨਹੀਂ ?"

ਅਜੇ ਸੰਤ ਜੀ ਨੇ ਅਪਣੀ ਗੱਲ ਖਤਮ ਵੀ ਨਹੀਂ ਕੀਤੀ ਕਿ

" ਘਟ ਘਟ ਕੇ ਅੰਤਰ ਕੀ ਜਾਨਤ " ਵਾਲੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਛਡਿ ਸਿੰਘਾਸਣੁ ਹਰਿ ਜੀ ਆਏ।

ਅਨੁਸਾਰ ਅਪਣੇ ਮਹਲ ( ਕੋਠੀ ) ਅੰਦਰੋਂ ਨੰਗੇ ਚਰਨੀਂ ਭੱਜੇ ਭੱਜੇ ਆਏ ਅਤੇ ਸੰਤ ਜੀ ਨੂੰ ਗਲਵਕੜੀ ਵਿਚ ਲੈ ਕੇ ਬੜੇ ਪ੍ਰੇਮ ਨਾਲ ਘੁਟਿਆ, ਸੁਖ ਸਾਂਦ ਪੁੱਛੀ ਅਤੇ ਬਚਨ ਕੀਤਾ, " ਸੰਤ ਜੀ, ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ "। ਇਹ ਸੁਣਦਿਆਂ ਸਾਰ ਹੀ ਸੰਤ ਜੀ ਕੁਝ ਮਸਤਾਨੇ ਹੋ ਗਏ ਅਤੇ ਉੱਚੀ ਉੱਚੀ ਕਹਿਣ ਲਗ ਪਏ

ਧੰਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਜਦੋਂ ਕੁਝ ਹੋਸ਼ ਆਈ ਤਾਂ ਕਹਿਣ ਲਗੇ, ਭਾਈ ਇਹ ਤਾਂ ਬਿਲਕੁਲ ਸੱਚ ਹੀ ਨਿਕਲਿਆ

ਜੋਤਿ ਓਹਾ, ਜੁਗਤਿ ਸਾਇ,
ਸਿਰਫ ਸਹਿ ਕਾਇਆ ਫੇਰਿ ਪਲਟੀਐ।

NO. 51

# ਸਮੇਂ ਦੇ ਹੁਕਮ

DATE (ਸੂਬਾ ਜੈਮਲ ਸਿੰਘ ਜੀ ਮੰਡੀ)

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਅਪਣੀ ਇੱਛਾ ਅਨੁਸਾਰ २१-२२ ਅਗਸਤ ਸੰਨ १९५९ (५-६ ਭਾਦਰੋਂ ਸੰਮਤ ਬਿਕਰਮੀ २०१६) ਦੀ ਵਿਚਲੀ ਰਾਤ ਨੂੰ ਸੱਚ ਖੰਡ ਪਧਾਰ ਗਏ ਸਨ ਅਤੇ

## ਖਾਲੀ ਤਖਤ ਨ ਰਹੇ ਹੈ ਮਹਾਂ ਪੁਰਖ ਕਾ ਜੋਇ"

ਅਨੁਸਾਰ ਅਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ

## ਤਖਤਿ ਬਹੈ ਤਖਤੈ ਕੀ ਲਾਇਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰ ਗੱਦੀ ਤੇ ਸੁਭਾਇਮਾਨ ਹੋਏ ਅਤੇ १० ਸਤੰਬਰ ਨੂੰ ਦਸਤਾਰ ਬੰਦੀ ਸਮਾਗਮ ਹੋਇਆ। ਉਸ ਸਮੇਂ ਸੰਗਤ ਦੀ ਹਾਜਰੀ १ ਲੱਖ ਤੋਂ ਉੱਤੇ ਦਸੀ ਜਾਂਦੀ ਹੈ। ਇਸ ਸਮੇਂ ਇਹ ਸੁਭਾਵਕ ਹੀ ਸੀ ਕਿ ਹਰ ਸਿੱਖ ਅਪਣੇ ਨਵੇਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਤਿਗੁਰੂ ਜੀ ਦੇ ਚਰਨ ਅਪਣੇ ਨਗਰ ਅਤੇ ਘਰ ਪਵਾਏ। ਸੂਬਿਆਂ ਵਲੋਂ, ਜਥੇਦਾਰਾਂ ਵਲੋਂ ਅਤੇ ਹੋਰ ਕਈ ਸਿੱਖਾਂ ਵਲੋਂ ਉਨ੍ਹਾਂ ਦੇ ਨਗਰਾਂ ਵਿਚ ਚਰਨ ਪਾਉਣ ਵਾਸਤੇ ਅਣਗਿਣਤ ਅਰਜ਼ਾਂ ਹੋਈਆਂ। ਸਿਆਮ ਦੇ ਸੂਬੇ ਸੇਠ ਦਿਆਲ ਸਿੰਘ ਜੀ ਨੇ ਵੀ ਸਿਆਮ ਦਰਸ਼ਨ ਦੇਣ ਲਈ ਅਰਜ ਕੀਤੀ ਸੀ। ਮੰਡੀ (Himachal Pardesh) ਦੀ ਸੰਗਤ ਨੇ ਵੀ ਮੰਡੀ ਦਰਸ਼ਨ ਵਾਸਤੇ ਅਰਜ ਕੀਤੀ ਸੀ। ਇਨ੍ਹਾਂ ਨੂੰ ਆਉਣ ਵਾਲੀ ਦੀਵਾਲੀ ਦੇ ਮੇਲੇ ਅੰਮ੍ਰਿਤਸਰੋਂ ਹੋ ਕੇ ਮੰਡੀ ਜਾਣ ਦਾ ਪ੍ਰੋਗਰਾਮ ਦੱਸਿਆ ਗਿਆ ਸੀ।

ਪ੍ਰੋਗਰਾਮ ਅਨੁਸਾਰ ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਸਰ ਦਰਸ਼ਨ ਦਿੱਤੇ। ਅਪਣੇ ਨਵੇਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅੰਮ੍ਰਿਤਸਰ ਦੇ ਆਲੇ ਦੁਆਲੇ ਦੀ ਬੜੀ ਸੰਗਤ ਆਈ ਸੀ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸਾਲਾ ਵਿਖੇ ਹੋਇਆ ਸੀ।

ਇਸ ਮੇਲੇ ਤੇ ਮੰਡੀ ਦੇ ਸੂਬਾ ਜੈਮਲ ਸਿੰਘ ਜੀ ਵੀ ਆਏ ਸਨ ਅਤੇ ਸਤਿਗੁਰੂ ਜੀ ਦੇ ਆਸਣ ਦੇ ਕੋਲ ਹੀ ਬੈਠੇ ਹੋਏ ਸਨ। ਸੂਬਾ ਜੀ, ਸਤਿਗੁਰੂ ਜੀ ਦੇ ਮੰਡੀ ਜਾਣ ਦੇ ਪ੍ਰੋਗਰਾਮ ਅਨੁਸਾਰ ਸਤਿਗੁਰੂ ਜੀ ਨੂੰ ਅਗੋਂ ਲੈਣ ਵਾਸਤੇ ਆਏ ਸਨ।

ਇਸ ਮੇਲੇ ਤੇ ਸੰਤ ਹਰਨਾਮ ਸਿੰਘ ਜੀ ਨੌਸ਼ਹਿਰੇ ਵਾਲੇ (ਕਿਲੇ ਵਾਲੇ) ਵੀ ਆਏ ਸਨ। ਉਨ੍ਹਾਂ ਨੇ २५ ਰੁਪਏ ਭੇਟਾ ਰੱਖ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਬੈਠ ਗਏ। ਵਾਰ ਦੀ ਸਮਾਪਤੀ ਪਿਛੋਂ ਸੰਤ ਜੀ ਨੇ ਗਲ ਵਿਚ ਪੱਲਾ ਪਾ ਕੇ ਨਮਸਕਾਰ ਕੀਤੀ ਅਤੇ ਅਰਜ ਕੀਤੀ ਕਿ ਅੱਜ ਆਪ ਜੀ ਨੌਸ਼ਹਿਰੇ ਦਰਸ਼ਨ ਦੇਣ ਜਾ ਰਹੇ ਹੋ, ਕ੍ਰਿਪਾ ਕਰੋ, ਲੰਗਰ ਵਾਸਤੇ ਮੇਰੀ ਅਰਜ ਪਰਵਾਨ ਕਰੋ।

ਸਤਿਗੁਰੂ ਜੀ ਨੇ ਫੁਰਮਾਇਆ, "ਅੱਜ ਦੇ ਲੰਗਰ ਦੀ ਅਰਜ ਨੌਸ਼ਹਿਰੇ ਦੇ ਹੀ ਇਕ ਸਿੱਖ ਨੇ ਕੀਤੀ ਹੋਈ ਹੈ। ਲੰਗਰ ਉੱਥੇ ਤਿਆਰ ਹੋ ਰਿਹਾ ਹੈ। ਲੰਗਰ ਅਸਾਂ ਉੱਥੇ ਹੀ ਛਕਣਾ ਹੈ।"

Sri Satguru Jagjit Singh Ji Elibrary NamdhariElibrary@gmail.com

ਫਿਰ ਸੰਤ ਜੀ ਨੇ ਅਰਜ਼ ਕੀਤੀ "ਅੱਜ ਰਾਤ ਨੌਸ਼ਹਿਰੇ ਹੀ ਦਰਸ਼ਨ ਦਿਓ ਤੇ ਡੇਰਾ ਵੀ ਮੇਰੇ ਗ੍ਰਹਿ ਵਿਖੇ ਕਰੋ ਜੀ।

ਸਤਿਗੁਰੂ ਜੀ ਨੇ ਸੰਤ ਜੀ ਦੀ ਡੇਰੇ ਵਾਲੀ ਅਰਜ਼ ਪ੍ਰਵਾਨ ਕਰ ਲਈ ਅਤੇ ਰਾਤ ਨੌਸ਼ਹਿਰੇ ਹੀ ਠਹਿਰਨ ਦਾ ਪ੍ਰੋਗਰਾਮ ਬਣਾ ਲਿਆ। ਸੰਤ ਜੀ ਪ੍ਰਵਾਨਗੀ ਲੈ ਕੇ ਅਤੇ ਨਮਸਕਾਰ ਕਰਕੇ ਚਲੇ ਗਏ।

ਜਦੋਂ ਸੱਚੇ ਪਾਤਸ਼ਾਹ ਜੀ ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋਣ ਲਗੇ ਤਾਂ ਹੁਕਮ ਕਰਕੇ ਸੂਬਾ ਜੈਮਲ ਸਿੰਘ ਜੀ ਨੂੰ ਵੀ ਆਪਣੀ ਕਾਰ ਵਿਚ ਬੈਠਾਲ ਲਿਆ। ਨੌਸ਼ਹਿਰਾ, ਜਿੱਥੇ ਸੰਤ ਜੀ ਦਾ ਡੇਰਾ ਹੈ, ਅੰਮ੍ਰਿਤਸਰ ਤੋਂ ੪੦ ਕੀਲੋਮੀਟਰ ਤੇ ਹੈ ਅਤੇ ਮੇਨ ਰੋਡ ਤੋਂ ਤਕਰੀਬਨ ੧੦੦ ਕਦਮਾਂ ਤੇ ਹੈ।

ਸ੍ਰੀ ਸਤਿਗੁਰੂ ਜੀ ਦੇ ਪ੍ਰੋਗਰਾਮ ਦਾ ਪਤਾ ਤਾਂ ਉਸ ਇਲਾਕੇ ਦੀ ਸੰਗਤ ਨੂੰ ਲੱਗ ਹੀ ਚੁਕਾ ਸੀ ਨਾਲੇ ਥਾਂ ਥਾਂ ਤੇ ਟੈਲੀਫੂਨ ਖੜਕ ਰਹੇ ਸਨ। ਰਾਹ ਦੇ ਨਗਰਾਂ ਦੀ ਸੰਗਤ ਮੇਨ ਰੋਡ ਤੇ ਕਈ ਥਾਂਵਾਂ ਤੇ ਖੜੀ ਸੀ। ਜਦੋਂ ਵੀ ਕਾਰ ਕਿਸੇ ਨਗਰ ਪਹੁੰਚਦੀ ਤਾਂ ਉਸ ਨਗਰ ਦੀ ਸੰਗਤ ਮੇਨ ਰੋਡ ਉੱਤੇ ਹੀ ਜੈਕਾਰਿਆਂ ਨਾਲ ਸੁਆਗਤ ਕਰਦੀ ਅਤੇ ਸਤਿਗੁਰੂ ਜੀ ਅਗੇ ਨਗਰ ਵਿਚ ਚਰਨ ਪਾਉਣ ਵਾਸਤੇ ਅਰਜ਼ ਕਰਦੀ। ਸਤਿਗੁਰੂ ਜੀ ਅਰਜ਼ ਮੰਨ ਕੇ ਉਨ੍ਹਾਂ ਦੇ ਨਗਰਾਂ ਵਿਚ ਦਰਸ਼ਨ ਦੇ ਆਉਂਦੇ, ਭਾਵੇਂ ਸ੍ਰੀ ਅੰਮ੍ਰਿਤਸਰ ਤੋਂ ਨੌਸ਼ਹਿਰਾ ਸਿਰਫ ੪੦ਕੀਲੋਮੀਟਰ ਤੇ ਹੀ ਹੈ ਪਰ ਰਾਹ ਵਿਚ ਸੰਗਤਾਂ ਨੂੰ ਦਰਸ਼ਨ ਦੇਂਦਿਆਂ ਅਤੇ ਚਰਨ ਪਾਉਂਦਿਆਂ ਕਾਰ ਬੜੀ ਦੇਰ ਨਾਲ ਨੌਸ਼ਹਿਰੇ ਪਹੁੰਚੀ। ਕਾਰ ਦੇ ਰੁਕਣ ਦੀ ਦੇਰ ਸੀ ਕਿ ਸੰਗਤ ਨੇ ਅਸਮਾਨ ਗੂੰਜਾਊ ਜੈਕਾਰਿਆਂ ਨਾਲ ਸੁਆਗਤ ਕੀਤਾ। ਫਿਰ ਮੇਨ ਰੋਡ ਤੋਂ ਸੰਤ ਜੀ ਦੇ ਡੇਰੇ ਤਕ ਸਤਿਗੁਰੂ ਜੀ ਨੂੰ ਇਕ ਜਲੂਸ ਦੀ ਸ਼ਕਲ ਵਿਚ ਲੈ ਜਾਇਆ ਗਿਆ। ਸੰਗਤ ਅੱਗੇ ਪਿੱਛੇ ਦੀਵਾਨੀ ਮਸਤਾਨੀ ਹੋਈ ਸ਼ਬਦ ਪੜ੍ਹਦੀ ਜਾ ਰਹੀ ਸੀ ਸ਼ਬਦ ਦੀ ਧਾਰਨਾ ਸੀ

ਜਿੱਥੇ ਚਰਨ ਗੁਰ ਜੀ ਪਾਏ ਮੰਦਰਾਂ ਨੂੰ ਭਾਗ ਲੱਗਿਆ

ਸੰਗਤ ਇੰਨੀ ਖੁਸ਼ ਅਤੇ ਇੰਨੀ ਦੀਵਾਨੀ ਅਤੇ ਮਸਤਾਨੀ ਸ਼ਬਦ ਪੜ੍ਹਦੀ ਜਾ ਰਹੀ ਸੀ ਕਿ ੧੦੦ ਕਦਮਾਂ ਤੇ ਡੇਰਾ ਤਕ ਪੁਜਣ ਵਾਸਤੇ ਤਕਰੀਬਨ ੧ ਘੰਟਾ ਲੱਗ ਗਿਆ।

ਸੱਚੇ ਪਾਤਸ਼ਾਹ ਜੀ ਨੇ ਲੰਗਰ ਤਾਂ ਉਸ ਸਿੱਖ ਘਰ ਛਕਿਆ ਜਿਸ ਨੇ ਅਰਜ਼ ਕੀਤੀ ਹੋਈ ਸੀ ਅਤੇ ਡੇਰਾ ਸੰਤ ਜੀ ਦੇ ਡੇਰੇ ਕੀਤਾ। ਸ਼ਾਮ ਦਾ ਕੀਰਤਨ ਬੜੇ ਤੇ ਜਿੱਥੇ ਦੀਵਾਨ ਲਈ ਥਾਂ ਬਣੀ ਸੀ ਸੰਤ ਦਰਸ਼ਨ ਸਿੰਘ ਸੰਤ ਖਜਾਨ ਸਿੰਘ ਜੀ ਨੇ ਕੀਤਾ। ਸ੍ਰੀ ਸਤਿਗੁਰੂ ਜੀ ਦਾ ਆਸਣ ਬੜੇ ਸੁੰਦਰ ਤਰੀਕੇ ਨਾਲ ਵਿਛਾਇਆ ਹੋਇਆ ਸੀ। ਨੌਸ਼ਹਿਰੇ ਦੇ ਆਲੇ ਦੁਆਲੇ ਦੀ ਬਹੁਤ ਸੰਗਤ, ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈ ਸੀ। ਰਾਤ ਨੂੰ ਸੰਤ ਗਿਆਨ ਸਿੰਘ ਜੀ ਵੀਰੋਕੇ ਵਾਲਿਆਂ ਨੇ ਦੀਵਾਨ ਲਾਇਆ। ਰੰਗਾ ਮੇਲਾ ਬਣ ਗਿਆ ਸੀ।

Sri Satguru Jagjit Singh Ji Elibrary NamdhariElibrary@gmail.com

ਅਗਲੀ ਸਵੇਰ ਨੂੰ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਵੀ ਉੱਥੇ ਹੀ ਹੋਇਆ। ਬੜੀ ਸੰਗਤ ਇਸ਼ਨਾਨ ਕਰ ਕੇ ਉੱਥੇ ਪੁਜੀ ਸੀ। ਸੰਤ ਜੀ, ਸਤਿਗੁਰੂ ਜੀ ਨੂੰ ਨਮਸਕਾਰ ਕਰ ਕੇ, ਸਤਿਗੁਰੂ ਜੀ ਦੇ ਆਸਣ ਦੇ ਕੋਲ ਹੀ ਬਹਿ ਗਏ ਸਨ। ਜੋ ਵੀ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਆਉਂਦਾ, ਸੰਤ ਜੀ ਉਸ ਦੀ ਬਾਂਹ ਫੜ ਕੇ ਕਹਿੰਦੇ :—

"ਇਹ ਵਕਤ ਦੇ ਹਾਕਮ ਹਨ
ਸਤਿਗੁਰੂ ਜੀ ਨੂੰ ਮੱਥਾ ਟੇਕੋ
ਅਜ ਸਾਡੇ ਧੰਨ ਭਾਗ ਹਨ ਜੋ ਸਤਿਗੁਰੂ ਜੀ ਇੱਥੇ ਦਰਸ਼ਨ
ਦੇ ਰਹੇ ਹਨ।"

(ਵਡੇ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨੁ ਗੁਰ ਡੀਠੇ)

ਕੀਰਤਨ ਦੀ ਸਮਾਪਤੀ ਪਿਛੋਂ ਸੱਚੇ ਪਾਤਸ਼ਾਹ ਜੀ ਨੇ ਅਪਣੇ ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਮੰਡੀ ਨਵੀਂ ਚਾਲੇ ਪਾ ਦਿੱਤੇ

Sri Satguru Jagjit Singh Ji Elibrary NamdhariElibrary@gmail.com

## ਨਵੀਂ ਸਾਖੀ

(ਸ੍ਰੀ ਜਸਵਿੰਦਰ ਸਿੰਘ ਜੀ)

ਸੇਠ ਭਜਨੀਕ ਸਿੰਘ ਜੀ ਮੰਡੀ ਵਾਲੇ ਦੀ ਪਤਨੀ ਦਾ ਨਾਂ ਬਲਵੰਤ ਕੌਰ ਹੈ ਜੋ ਸੰਤ ਹਰਨਾਮ ਸਿੰਘ ਜੀ ਕਾਮੋਕਿਆਂ ਵਾਲਿਆਂ ਦੀ ਪੁਤਰੀ ਹੈ। ਇਹ ਸਾਖੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਮੰਡੀ ਦੇ ਅਖੀਰਲੇ ਤੋਂ ਪਹਿਲੇ ਦੌਰੇ ਦੀ ਹੈ। ਸੇਠ ਭਜਨੀਕ ਸਿੰਘ ਜੀ ਦੇ ਘਰੋਂ, ਜਦੋਂ ਵੀ ਉਮੀਦਵਾਰੀ ਹੁੰਦੀ, ਦੋ ਢਾਈ ਮਹੀਨਿਆਂ ਪਿਛੋਂ ਬੀਮਾਰ ਹੋ ਜਾਂਦੀ ਅਤੇ ਬੱਚਾ ਡਿੱਗ ਪੈਂਦਾ। ਕਈ ਵਾਰੀ ਇਸ ਤਰ੍ਹਾਂ ਹੋਇਆ। ਬੜੇ ਇਲਾਜ ਕਰਵਾਏ ਗਏ ਪਰ ਕੋਈ ਲਾਭ ਨ ਹੋਇਆ। ਪਤੀ ਪਤਨੀ ਦੋਵੇਂ ਮਾਯੂਸ ਰਹਿੰਦੇ ਸਨ

ਸੇਠ ਭਜਨੀਕ ਸਿੰਘ ਨੂੰ ਕਿਸੇ ਦੱਸ ਪਾਈ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਸਿੰਘ ਜੀ ਦੇ ਸੇਵਕ, ਸੰਤ ਰਤਨ ਸਿੰਘ ਜੀ ਕੋਲ ਇਸ ਮਰਜ਼ ਦੀ ਦਵਾਈ ਹੈ, ਆਪ ਉਸ ਨੂੰ ਮਿਲੋ। ਜਦੋਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਪਣੇ ਅਖੀਰਲੇ ਤੋਂ ਪਹਿਲੇ ਦੌਰੇ ਤੇ ਮੰਡੀ ਆਏ ਤਾਂ ਸੇਠ ਭਜਨੀਕ ਸਿੰਘ ਜੀ ਨੇ ਕੋਠੀ ਜਾ ਕੇ ਸੰਤ ਰਤਨ ਸਿੰਘ ਜੀ ਨੂੰ ਸਾਰੀ ਗੱਲ ਦੱਸੀ ਅਤੇ ਦਵਾਈ ਦੀ ਮੰਗ ਕੀਤੀ। ਸੰਤ ਰਤਨ ਸਿੰਘ ਜੀ ਨੇ ਕਿਹਾ ਕਿ ਦਵਾਈ ਤਾਂ ਮੇਰੇ ਕੋਲ ਹੈ ਪਰ

### ਅਉਖਧ ਆਏ ਰਾਸਿ ਵਿਚਿ ਆਪਿ ਖਲੋਇਆ ।

ਸੰਤ ਜੀ ਨੇ ਕਿਹਾ ਦਵਾਈ ਵਿਚ ਉਂਨਾ ਚਿਰ ਕੁਝ ਨਹੀਂ ਪਇਆ ਹੋਇਆ ਜਿੰਨਾ ਚਿਰ ਸਤਿਗੁਰੂ ਜੀ ਦੀ ਮਹਰ ਨਾ ਲੱਗ ਜਾਵੇ। ਹੁਣ ਸੱਚੇ ਪਾਤਸ਼ਾਹ ਜੀ ਬਿਰਾਜੇ ਹੋਏ ਹਨ, ਜਦੋਂ ਉਠਣਗੇ ਤਾਂ ਅਰਜ਼ ਕਰਨੀ, ਫਿਰ ਜਿਸ ਤਰ੍ਹਾਂ ਹੁਕਮ ਹੋਵੇਗਾ ਉਸ ਤਰ੍ਹਾਂ ਕਰਨਾ।

ਥੋੜੇ ਚਿਰ ਪਿਛੋਂ, ਸਤਿਗੁਰੂ ਜੀ ਬਿਰਾਜ ਕੇ ਉਠੇ, ਇਸ਼ਨਾਨ ਕਰਕੇ ਜਦੋਂ ਲੰਗਰ ਛਕਣ ਲੱਗੇ ਤਾਂ ਸੇਠ ਜੀ ਨੂੰ ਵੇਖ ਕੇ, ਉਨ੍ਹਾਂ ਨੂੰ ਬੁਲਾ ਕੇ ਅਪਣੇ ਕੋਲ ਹੀ ਬਹਾ ਕੇ ਬੜੇ ਪ੍ਰੇਮ ਨਾਲ ਪੁੱਛਿਆ, "ਕਿਉਂ ਭਜਨੀਕ, ਕਿਧਰ ਆਇਆ ਏਂ? ਕੀ ਕੋਈ ਕੰਮ ਏ?"

ਸੇਠ ਭਜਨੀਕ ਸਿੰਘ ਜੀ ਨੇ ਅਰਜ਼ ਕਰਦਿਆਂ ਸਾਰੀ ਗਲ ਦਸੀ ਅਤੇ ਬੇਨਤੀ ਕੀਤੀ ਕਿ ਆਪ ਜੀ ਕਿਰਪਾ ਕਰੋ ਅਤੇ ਕੋਈ ਦਵਾਈ ਦਿਓ। ਜਦੋਂ ਇਹ ਅਰਜ਼ ਕੀਤੀ ਗਈ ਸੀ ਉਦੋਂ ਵੀ ਬਲਵੰਤ ਕੌਰ ਨੂੰ ਦੋ ਕੁ ਮਹੀਨਿਆਂ ਦਾ ਗਰਭ ਸੀ। ਉਹ ਚਾਹੁੰਦੇ ਸਨ ਕਿ ਸਤਿਗੁਰੂ ਜੀ ਕਿਰਪਾ ਕਰਨ ਤਾਂ ਜੋ ਇਸ ਵਾਰ ਸਾਨੂੰ ਨਿਰਾਸ਼ ਨ ਹੋਣਾ ਪਵੇ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, "ਭਜਨੀਕ, ਉਦਾਸ ਨ ਹੋਵੀਂ, ਬੱਚਾ ਇਹ ਤਾਂ ਨਹੀਂ ਰਹਿਣਾ ਪਰ ਅੱਗੋਂ ਮੈਂ ਜਾਣ ਨਹੀਂ ਦੇਣਾ। ਕਿਸੇ ਦਵਾਈ ਦੀ ਲੋੜ ਨਹੀਂ, ਸਤਿਗੁਰੂ ਕਿਰਪਾ ਕਰਨਗੇ, ਸਾਧ ਸੰਗਤ ਕਿਰਪਾ ਕਰੇਗੀ, ਸਤਿਗੁਰੂ ਜ਼ਰੂਰ ਕਿਰਪਾ ਕਰਨਗੇ। ਡੋਲਣ ਦੀ ਲੋੜ ਨਹੀਂ।"

Sri Satguru Jagjit Singh Ji Elibrary NamdhariElibrary@gmail.com

ਖੈਰ ਉਹ ਬੱਚਾ ਵੀ ਨ ਰਿਹਾ। ਕੁਝ ਸਮੇਂ ਪਿਛੋਂ ਜਦੋਂ ਸਤਿਗੁਰੂ ਜੀ ਮੰਡੀ ਦੇ ਆਪਣੇ ਅਖੀਰਲੇ ਦੌਰੇ ਤੇ ਮੰਡੀ ਆਏ ਤਾਂ ਸੇਠ ਜੀ ਨੇ ਅਰਜ਼ ਕਰਕੇ ਸਤਿਗੁਰੂ ਜੀ ਦੇ ਚਰਨ ਆਪਣੇ ਘਰ ਪਵਾਏ। ਉਥੇ ਘਰ ਵਿਚ ਹੀ ਸਤਿਗੁਰੂ ਜੀ ਨੇ ਸੇਠ ਜੀ ਨੂੰ ਪੁੱਛਿਆ, "ਸੁਣਾ ਭਜਨੀਕ, ਕੋਈ ਹੈ, ਭਾਵ ਕੋਈ ਉਮੀਦਵਾਰੀ ਹੈ?" ਇਸ ਸਮੇਂ ਉਮੀਦਵਾਰੀ ਵਾਲੀ ਗਲ ਕੋਈ ਨਹੀ ਸੀ ਪਰ ਸੇਠ ਜੀ ਨੇ ਨਾਹ ਤਾਂ ਨ ਕੀਤੀ ਸਗੋਂ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ, ਤੁਹਾਡੀ ਕਿਰਪਾ ਚਾਹੀਦੀ ਹੈ, ਤੁਸਾਂ ਹੀ ਬਖਸ਼ਸ਼ ਕਰਨੀ ਹੈ।" ਅੰਤਰਜਾਮੀ ਸਤਿਗੁਰੂ ਜੀ ਨੇ ਜਾਣ ਲਿਆ ਕਿ ਅਜੇ ਕੋਈ ਉਮੀਦਵਾਰੀ ਨਹੀਂ ਹੈ। ਉਨ੍ਹਾਂ ਸੇਠ ਜੀ ਨੂੰ ਕਿਹਾ, "ਤੁਸੀਂ ਫਿਕਰ ਨ ਕਰੋ, ਭਜਨ ਬਾਣੀ ਕਰਦੇ ਰਹੋ ਅਤੇ ਅਰਦਾਸ ਕਰਦੇ ਰਹੋ। ਸਤਿਗੁਰੂ ਜ਼ਰੂਰ ਕਿਰਪਾ ਕਰਨਗੇ, ਸਾਧ ਸੰਗਤ ਜ਼ਰੂਰ ਕਿਰਪਾ ਕਰੇਗੀ, ਸੱਚੇ ਪਾਤਸ਼ਾਹ ਜੀ ਜ਼ਰੂਰ ਕਿਰਪਾ ਕਰਨਗੇ ਮੇਰੀ ਇਕ ਗਲ ਯਾਦ ਰਖਣੀ ਕਿ ਜਦੋਂ ਕਾਕਾ ਹੋਵੇਗਾ ਮੇਲਾ ਆਪਣੇ ਆਪ ਨਹੀਂ ਕਰਨਾ। ਮੇਲੇ ਦੀ ਤਰੀਕ ਮੈਂ ਆਪ ਦਿਆਂਗਾ ਅਤੇ ਮੇਲੇ ਤੇ ਸਣੇ ਪਰਵਾਰ ਆਉਣਾ ਹੈ।"

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਮੰਡੀ ਤੋਂ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਇਥੇ ਹੀ ੨੧ ਅਤੇ ੨੨ ਅਗਸਤ ਸੰਨ ੧੯੫੯ ਦੀ ਵਿਚਲੀ ਰਾਤ ਨੂੰ ਸੱਚ ਖੰਡ ਪਧਾਰ ਗਏ। ਉਨ੍ਹਾਂ ਦੇ ਪਿਛੋਂ, ਉਨ੍ਹਾਂ ਦੇ ਹੁਕਮ ਅਨੁਸਾਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰ ਗੱਦੀ ਤੇ ਸੁਭਾਏਮਾਨ ਹੋਏ।

ਹੁਣ ਦੋਵੇਂ ਜੀਅ ਬੜੇ ਉਦਾਸ ਰਹਿੰਦੇ ਸਨ, ਇਕ ਤਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਛੋੜਾ ਅਤੇ ਦੂਜਾ ਬੱਚੇ ਦੀ ਚਿੰਤਾ, ਅਤੇ ਕਦੇ ਕਦੇ ਇਹ ਵੀ ਖਿਆਲ ਕਰਦੇ ਕਿ ਸਤਿਗੁਰੂ ਜੀ ਨੇ ਫੁਰਮਾਇਆ ਸੀ ਕਿ ਹੋਣ ਵਾਲੇ ਕਾਕੇ ਦੇ ਮੇਲੇ ਦੀ ਤਾਰੀਕ ਮੈਂ ਆਪ ਦਿਆਂਗਾ ਅਤੇ ਸਣੇ ਪਰਵਾਰ ਆਉਣਾ ਹੈ ਪਤਾ ਨਹੀਂ ਇਹ ਬਚਨ ਕਿਸ ਤਰ੍ਹਾਂ ਪੂਰੇ ਹੋਣਗੇ?

ਭਾਵੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸੱਚ ਖੰਡ ਪਧਾਰ ਗਏ ਸਨ ਪਰ ਉਨ੍ਹਾਂ ਦੇ ਬਚਨ ਸਦਕਾ ਠੀਕ ਦਸ ਮਹੀਨਿਆਂ ਪਿਛੋਂ ਕਾਕੇ ਦਾ ਜਨਮ ਹੋਇਆ, ਹਰ ਪਾਸਿਉਂ ਵਧਾਈ, ਵਧਾਈ ਦੀ ਆਵਾਜ਼ ਆਉਣ ਲਗੀ।

ਕੁਝ ਦਿਨਾਂ ਪਿਛੋਂ ਸੇਠ ਜੀ ਸ੍ਰੀ ਭੈਣੀ ਸਾਹਿਬ ਗਏ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਕਵਲਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼ ਜੀ, ਆਪ ਜੀ ਦੀ ਕਿਰਪਾ ਨਾਲ ਕਾਕੇ ਦੀ ਬਖਸ਼ਸ਼ ਹੋਈ ਹੈ, ਮੇਲਾ ਕਰਨ ਦਾ ਖਿਆਲ ਹੈ"

ਸੇਠ ਜੀ ਨੇ ਹਾਲਾਂ ਇੰਨਾ ਹੀ ਬਚਨ ਕੀਤਾ ਸੀ ਕਿ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਤਤ ਛਿਨ ਫੁਰਮਾਇਆ, "ਮੈਂ ਬਚਨ ਕੀਤਾ ਹੋਇਆ ਹੈ ਕਿ ਮੇਲੇ ਦੀ ਤਾਰੀਕ ਮੈਂ ਆਪ ਦਿਆਂਗਾ ਅਤੇ ਸਣੇ ਪਰਵਾਰ ਆਉਣਾ ਹੈ। ਕੀ ਯਾਦ ਹੈ ਕਿ ਨਹੀਂ? ਹੁਣ ਤੁਸੀਂ ਜਾਉ। ਪ੍ਰੋਗ੍ਰਾਮ ਬਣਾ ਕੇ, ਤੁਹਾਨੂੰ ਤਾਰੀਕ ਦੱਸੀ ਜਾਏਗੀ।"

ਕੁਝ ਦਿਨਾਂ ਪਿਛੋਂ ਸਤਿਗੁਰੂ ਜੀ ਵਲੋਂ ਮੇਲੇ ਦੀ ਤਾਰੀਕ ਦਿੱਤੀ ਗਈ। ਮਿੱਥੀ ਹੋਈ ਤਾਰੀਕ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਸਣੇ ਪਰਵਾਰ ਮੰਡੀ ਪਹੁੰਚ ਗਏ। ਹਜ਼ੂਰੀ ਸੇਵਕ, ਰਾਗੀ, ਕਈ ਜਥੇਦਾਰ ਅਤੇ ਕਈ ਸਾਧ ਵੀ ਸਤਿਗੁਰੂ ਜੀ ਦੇ ਨਾਲ ਹੀ ਮੰਡੀ ਪਹੁੰਚ ਗਏ। ਮੰਡੀ ਅੱਗੇ ਹੀ ਸਾਧ ਸੰਗਤ ਬੜੀ ਹੈ, ਬੜਾ ਚੰਗਾ ਮੇਲਾ ਹੋਇਆ।

ਸਾਧ ਸੰਗਤ ਜੀ, ਜ਼ਰਾ ਵਿਚਾਰ ਕਰੀਏ ਤਾਂ ਪਤਾ ਲਗਦਾ ਹੈ ਕਿ ਕਾਕਾ ਹੋਣ ਤੋਂ ਦਸ ਮਹੀਨੇ ਪਹਿਲਾਂ ਜਿਹੜੇ ਬਚਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਕੀਤੇ ਸਨ ਉਹੀ ਬਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਕਾ ਹੋਣ ਤੋਂ ਪਿਛੋਂ ਕੀਤੇ ਸਨ ਜੋ ਇਸ ਤਰ੍ਹਾਂ ਹਨ :-

## "ਮੇਲੇ ਦੀ ਤਾਰੀਕ ਮੈਂ ਆਪ ਦਿਆਂਗਾ ਅਤੇ ਸਣੇ ਪਰਵਾਰ ਆਉਣਾ ਹੈ।

ਹੁਣ ਆਪ ਹੀ ਨਿਰਣਾ ਕਰ ਲਓ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ

## ਜੋਤਿ ਓਹਾ, ਜੁਗਤਿ ਸਾਇ,

ਸਿਰਫ਼

## ਸਹਿ ਕਾਇਆ ਫੇਰਿ ਪਲਟੀਐ"

ਵਾਲੀ ਗਲ ਹੈ ਕਿ ਨਹੀਂ।

Sri Satguru Jagjit Singh Ji Elibrary NamdhariElibrary@gmail.com

# ਇੰਗਲੈਂਡ ਵਿਚ ਬਾਰਸ਼

NO. 57
DATE

ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਲਿਖਦੇ ਹਨ **ਪਾਂਚ ਤਤ ਕੋ ਤਨ ਰਚਿਓ**
ਅਤੇ ਭਗਤ ਕਬੀਰ ਜੀ ਵੀ ਲਿਖਦੇ ਹਨ **ਪੰਚ ਤਤੁ ਮਿਲਿ ਕਾਇਆ** ਕੀਨੀ
ਭਾਵ ਇਹ ਹੈ ਕਿ ਸਾਡੇ ਸਰੀਰ ਪੰਜਾਂ ਤੱਤਾਂ ਦੇ ਬਣੇ ਹੋਏ ਹਨ
(1) ਪ੍ਰਿਥਵੀ (2) ਜਲ (3) ਪਵਨ (4) ਅਗਨਿ ਅਤੇ (5) ਆਕਾਸ਼
ਇਨ੍ਹਾਂ ਪੰਜਾਂ ਤੱਤਾਂ ਵਿਚ ਇਕ ਤੱਤ ਜਲ ਅਥਵਾ ਪਾਣੀ ਹੈ

ਪਾਣੀ ਅਕਾਲ ਪੁਰਖ ਵਲੋਂ ਬਖ਼ਸ਼ੀ ਹੋਈ ਇਕ ਅਣਮੁਲੀ ਦਾਤ ਹੈ। ਇਹ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ। ਸ੍ਰੀ ਸਤਿਗੁਰੂ ਨਾਨਕ ਦੇਵ ਤਾਂ ਪਾਣੀ ਨੂੰ ਪਿਤਾ ਦਾ ਸਨਮਾਨ ਬਖਸ਼ਦੇ ਹਨ ਅਥਵਾ "**ਪਾਣੀ ਪਿਤਾ**" ਕਿਉਂ ਜੋ ਪਾਣੀ ਤੋਂ ਬਿਨਾਂ ਕੋਈ ਫਲ, ਫੁੱਲ, ਸਬਜ਼ੀ, ਅਨਾਜ, ਬਿਰਛ ਬੂਟੇ ਆਦਿ ਕੁਝ ਵੀ ਪੈਦਾ ਨਹੀਂ ਹੋ ਸਕਦਾ ਜੇ ਪਾਣੀ ਤੋਂ ਬਿਨਾਂ ਕੋਈ ਅਨਾਜ ਪੈਦਾ ਨਹੀਂ ਹੋ ਸਕਦਾ ਤਾਂ ਫਿਰ ਇਹ ਕਹਿਣਾ ਪਵੇਗਾ ਕਿ ਪਾਣੀ ਤੋਂ ਬਿਨਾਂ ਆਦਮੀ ਜੀਊਂਦਾ ਨਹੀਂ ਰਹਿ ਸਕਦਾ।

ਇਸ਼ਨਾਨ ਕਰਨ, ਕਪੜੇ ਧੋਣ, ਬਰਤਨ ਸਾਫ਼ ਕਰਨ, ਸਬਜ਼ੀਆਂ ਧੋਣ, ਸਬਜ਼ੀਆਂ ਪਕਾਉਣ ਵਾਸਤੇ ਪਾਣੀ ਦੀ ਲੋੜ ਹੁੰਦੀ ਹੈ। ਪਿਆਸ ਬੁਝਾਉਣ ਵਾਸਤੇ ਪਾਣੀ ਦੀ ਲੋੜ ਹੁੰਦੀ ਹੈ। ਨਾਲੀਆਂ ਸਾਫ਼ ਕਰਨ, ਛਿੜਕਾਅ ਕਰਨ ਅਤੇ ਅੱਗ ਬੁਝਾਉਣ ਵਾਸਤੇ ਵੀ ਪਾਣੀ ਦੀ ਲੋੜ ਪੈਂਦੀ ਹੈ

ਵਗਦੇ ਪਾਣੀ ਨਾਲ ਬਿਜਲੀ ਪੈਦਾ ਕੀਤੀ ਜਾਂਦੀ ਹੈ। ਬਿਜਲੀ ਨਾਲ ਵੱਡੇ ਵੱਡੇ ਕਾਰਖਾਨੇ ਚਲ ਰਹੇ ਹਨ। ਬਿਜਲੀ ਨਾਲ ਕਮਰੇ ਠੰਢੇ ਅਤੇ ਗਰਮ ਕੀਤੇ ਜਾਂਦੇ ਹਨ। ਕਪੜੇ ਧੋਣ ਵਾਲੀਆਂ ਮਸ਼ੀਨਾਂ, ਸਫ਼ਾਈ ਕਰਨ ਵਾਲੀਆਂ ਮਸ਼ੀਨਾਂ ਰੇਡੀਓ, ਟੈਲੀਵੀਜ਼ਨ, ਟੈਲੀਫੋਨ, ਲਿਫਟਾਂ, ਹੀਟਰਾਂ ਨਾਲ ਖਾਣਾ ਤਿਆਰ ਕਰਨਾ ਸਭ ਬਿਜਲੀ ਦੀਆਂ ਹੀ ਕਰਾਮਾਤਾਂ ਹਨ। ਬਿਜਲੀ ਨਾਲ ਹੀ ਐਕਸਰੇ ਲੈ ਜਾਂਦੇ ਹਨ ਅਤੇ ਕਈ ਰੋਗਾਂ ਦਾ ਇਲਾਜ ਵੀ ਬਿਜਲੀ ਰਾਹੀਂ ਕੀਤਾ ਜਾਂਦਾ ਹੈ। ਹੁਣ ਤਾਂ ਕਈ ਥਾਵਾਂ ਤੇ ਖੇਤੀ ਬਾੜੀ ਵੀ ਬਿਜਲੀ ਰਾਹੀਂ ਹੋਣ ਲੱਗ ਪਈ ਹੈ। ਭਾਵ ਇਹ ਕਿ ਸਾਨੂੰ ਅਣਗਿਣਤ ਸੁਖ ਬਿਜਲੀ ਰਾਹੀਂ ਮਿਲ ਰਹੇ ਹਨ ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਬਿਜਲੀ ਪਾਣੀ ਤੋਂ ਹੀ ਪੈਦਾ ਹੁੰਦੀ ਹੈ

ਪਾਣੀ ਦਾ ਬਦਲਿਆ ਹੋਇਆ ਇਕ ਰੂਪ ਭਾਫ਼ ਹੈ। ਭਾਫ਼ ਨਾਲ ਹੀ ਰੇਲਾਂ ਦੇ ਇੰਜਣ, ਵੱਡੇ ਵੱਡੇ ਜਹਾਜ਼, ਅਗਨ ਬੋਟ ਅਤੇ ਪਾਣੀ ਖਿੱਚਣ ਵਾਲੇ ਪੰਪ ਚਲਦੇ ਹਨ

ਪਾਣੀ ਸਾਡੇ ਜੀਵਨ ਦੀ ਸਭ ਤੋਂ ਜ਼ਰੂਰੀ ਲੋੜ ਹੋਣ ਕਰਕੇ ਹੀ ਦਰੀਆਂ ਦੇ ਕੰਢਿਆਂ ਤੇ ਵੱਡੇ ਵੱਡੇ ਸ਼ਹਿਰ ਵਸਦੇ ਦਿੱਸ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

ਪਾਣੀ ਸਾਨੂੰ ਖੂਹਾਂ ਦਰਿਆਵਾਂ, ਤਲਾਵਾਂ, ਨਲਕਿਆਂ ਬਉਲੀਆਂ, ਸਮੁੰਦ੍ਰ ਅਤੇ ਬਰਸਾਤ ਰਾਹੀ ਪ੍ਰਾਪਤ ਹੁੰਦਾ ਹੈ। ਜੇ ਵਿਚਾਰਿਆ ਜਾਏ ਤਾਂ ਪਤਾ ਲਗਦਾ ਹੈ ਕਿ ਸਭ ਤੋਂ ਅਧਿਕ ਲੋੜ ਬਰਸਾਤ ਦੇ ਪਾਣੀ ਅਥਵਾ ਬਰਸਾਤ ਦੀ ਹੁੰਦੀ ਹੈ।

ਆਪ ਇਥੋਂ ਹੀ ਅੰਦਾਜ਼ਾ ਲਾ ਲਓ ਕਿ ਜੇਠ ਹਾੜ ਦੀ ਸਖਤ ਗਰਮੀ ਤੋਂ ਤੰਗ ਕੇ ਲੋਕ ਕਿੰਨੀ ਬੇਸਬਰੀ ਨਾਲ ਵਰਖਾ ਦੀ ਉਡੀਕ ਕਰਦੇ ਹਨ? ਬਦਲ ਬਣਦਿਆਂ ਸਾਰ ਜਦੋਂ ਠੰਢੀ ਠੰਢੀ ਹਵਾ ਆਉਂਦੀ ਹੈ ਤਾਂ ਗਰਮੀ ਨਾਲ ਝੁਲਸ ਰਹੇ ਲੋਕਾਂ ਨੂੰ ਕਿਵੇਂ ਸੁਖ ਦਾ ਸਾਹ ਆਉਂਦਾ ਹੈ? ਫਿਰ ਜਦੋਂ ਮੀਂਹ ਪੈਣ ਲਗਦਾ ਹੈ ਤਾਂ ਲੋਕ ਕਿੰਨੇ ਖੁਸ਼ ਹੁੰਦੇ ਹਨ? ਕਈ ਤਾਂ ਖੁਸ਼ੀ ਵਿਚ ਨੱਚਣ ਟਪਣ ਵੀ ਲਗ ਪੈਂਦੇ ਹਨ, ਕਈ ਮੀਂਹ ਵਿਚ ਨਹਾਉਣ ਵੀ ਲਗ ਪੈਂਦੇ ਹਨ। ਪਸ਼ੂ ਪੰਛੀ ਵੀ ਬਹੁਤ ਖੁਸ਼ ਹੁੰਦੇ ਹਨ ਬਰਸਾਤ ਨਾਲ ਹੀ ਤਾਂ ਤਲ ਛੱਪੜ ਪਾਣੀ ਨਾਲ ਭਰ ਜਾਂਦੇ ਹਨ। ਬੂਟਿਆਂ, ਫੁਲਾਂ ਆਦਿ ਸਾਰੀ ਬਨਾਸਪਤੀ ਉਤੇ ਹਰਿਆਵਲ ਅਤੇ ਰੌਣਕ ਆ ਜਾਂਦੀ ਹੈ। ਸਭ ਤੋਂ ਵਧ ਖੁਸ਼ੀ ਤਾਂ ਕਿਸਾਨਾਂ ਨੂੰ ਹੁੰਦੀ ਹੈ ਜਿਨ੍ਹਾਂ ਦਾ ਸਾਰਾ ਦਾਰੋਮਦਾਰ ਹੀ ਬਰਸਾਤ ਉੱਤੇ ਹੁੰਦਾ ਹੈ। ਬਰਸਾਤ ਨਾਲ ਹੀ ਤਾਂ ਫਸਲਾਂ ਵਧਦੀਆਂ-ਫੁਲਦੀਆਂ ਅਤੇ ਪੱਕਦੀਆਂ ਹਨ। ਜੇ ਸੱਚ ਪੁੱਛੋ ਤਾਂ ਬਰਸਾਤ ਇਕ ਰੱਬੀ ਦਾਤ ਹੈ

ਸ੍ਰੀ ਸਤਿਗੁਰੂ ਰਾਮ ਦਾਸ ਜੀ ਲਿਖਦੇ ਹਨ

**ਮੀਹੁ ਵੁਠਾ ਛਹਬਰ ਲਾਇ ॥**

**ਸਭ ਧਰਤਿ ਭਈ ਹਰਿਆਵਲੀ**

**ਅੰਨੁ ਜੰਮਿਆ ਬੋਹਲ ਲਾਇ।**

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ

**ਪਰਮੇਸਰੁ ਹੋਆ ਦਇਆਲੁ ॥ ਮੇਘੁ ਵਰਸੈ ਅੰਮ੍ਰਿਤ ਧਾਰ**

**ਸਗਲੇ ਜੀਅ ਜੰਤ ਤ੍ਰਿਪਤਾਸੇ ॥ ਕਾਰਜ ਆਏ ਪੂਰੇ ਰਾਸੇ**

ਹੁਣ ਜ਼ਰਾ ਵਿਚਾਰ ਕਰੀਏ ਕਿ ਜੇ ਕਿਸੇ ਸਾਲ ਉੱਕਾ ਹੀ ਬਰਸਾਤ ਨ ਹੋਵੇ ਤਾਂ ਕੀ ਹਾਲ ਹੁੰਦਾ ਹੈ। ਬਰਸਾਤ ਨ ਹੋਣ ਕਰਕੇ ਬਰਸਾਤੀ ਦਰਿਆਵਾਂ ਅਥਵਾ ਨਦੀਆਂ ਵਿਚ ਤਾਂ ਪਾਣੀ ਉੱਕਾ ਹੀ ਨਹੀਂ ਆਉਂਦਾ। ਟੋਬੇ, ਤਲਾਬ ਅਥਵਾ ਛੱਪੜ ਸਾਰੇ ਸੁੱਕ ਜਾਂਦੇ ਹਨ। ਪਾਣੀ ਬੜੀ ਬੜੀ ਦੂਰੋਂ ਲਿਉਣਾ ਪੈਂਦਾ ਹੈ ਜਦੋਂ ਮਨੁਖਾਂ ਨੂੰ ਵੀ ਮਿਲਣਾ ਮੁਸ਼ਕਲ ਹੋਵੇ ਤਾਂ ਪਸ਼ੂ ਪੰਛੀਆਂ ਨੂੰ ਕਿਥੋਂ ਮਿਲਣਾ ਹੈ। ਉਹ ਵੇਚਾਰੇ ਤ੍ਰਿਹਾਏ ਹੀ ਮਰ ਜਾਂਦੇ ਹਨ। ਤੱਤੀ ਲੋ ਮਨੁਖਾਂ ਨੂੰ ਤੜਪਾਉਂਦੀ ਹੈ ਦਰਖਤ ਬੂਟੇ ਸਭ ਸੁਕ ਜਾਂਦੇ

Sri Satguru Jagjit Singh Ji Elibrary NamdhariElibrary@gmail.com

ਸੜਕਾਂ ਅੱਗ ਵਾਂਗ ਗਰਮ ਹੁੰਦੀਆਂ ਹਨ । ਨੰਗੇ ਪੈਰੀਂ ਉਨ੍ਹਾਂ ਤੇ ਚਲਣਾ ਵੀ ਬੜਾ ਮੁਸ਼ਕਲ ਹੁੰਦਾ ਹੈ । ਸਭ ਤੋਂ ਵਧ ਨੁਕਸਾਨ ਤਾਂ ਕਿਸਾਨਾਂ ਦਾ ਹੁੰਦਾ ਹੈ । ਫਸਲ ਨ ਹੋਣ ਕਰਕੇ ਉਨ੍ਹਾਂ ਦੀ ਕੀਤੀ ਹੋਈ ਸਾਰੀ ਮਿਹਨਤ ਐਵੇਂ ਹੀ ਜਾਂਦੀ ਹੈ ।

ਅਕਾਲ ਪੁਰਖ ਦੀ ਲੀਲਾ ਦਾ ਅੰਤ ਨਹੀਂ ਆਉਂਦਾ । ਕਦੀ ਤਾਂ ਐਨਾ ਮੀਂਹ ਵਰਸਾਉਂਦਾ ਹੈ ਕਿ ਹੜ੍ਹ ਆ ਜਾਂਦੇ ਹਨ ਅਤੇ ਕਦੀ ਐਸੀ ਔੜ ਲਾ ਦੇਂਦਾ ਹੈ ਕਿ ਜਨਤਾ ਬਰਸਾਤ ਵਾਸਤੇ ਅਰਦਾਸਾਂ ਕਰਦੀ ਕਰਦੀ ਥੱਕ ਜਾਂਦੀ ਹੈ ਪਰ ਮੀਂਹ ਦੀ ਇਕ ਕਣੀ ਵੀ ਨਹੀਂ ਪੈਂਦੀ । ਅਪਣੀ ਖੇਡ ਨੂੰ ਅਕਾਲ ਪੁਰਖ ਆਪ ਹੀ ਜਾਣਦਾ ਹੈ

## ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥

ਸੰਨ ੧੯੭੬ ਦੀ ਗੱਲ ਹੈ ਕਿ ਇੰਗਲੈਂਡ (ENGLAND) ਵਿਚ ਇਕ ਐਸਾ ਭਾਰੀ ਸੋਕਾ ਪਿਆ ਸੀ ਕਿ ਤਕਰੀਬਨ ਦੋ ਸਾਲ ਤਕ ਬਾਰਸ਼ ਦੀ ਇਕ ਕਣੀ ਵੀ ਨਹੀਂ ਸੀ ਪਈ । ਇਸ਼ਨਾਨ ਕਰਨਾ ਤਾਂ ਕਿਤੇ ਰਿਹਾ, ਪੀਣ ਵਾਸਤੇ ਵੀ ਪਾਣੀ ਮੁਸ਼ਕਲ ਨਾਲ ਮਿਲਦਾ ਸੀ ਸਰਕਾਰ ਵਲੋਂ ਭਾਵੇਂ ਪਹਾੜਾਂ ਤੇ ਗੋਲੇ ਬੰਬ ਚਲਾਏ ਗਏ ਪਰ ਬਰਸਾਤ ਫਿਰ ਵੀ ਨ ਹੋਈ । ਜਾਦੂ ਟੂਣੇ ਵੀ ਸਭ ਨਿਸਫਲ ਗਏ । ਹੁਣ ਚਸ਼ਮੇ ਦਰਿਯਾ ਸਭ ਸੁਕ ਗਏ । ਪਾਣੀ ਦੇ ਭਰੇ ਹੋਏ ਤਾਲਾਬ ਸਭ ਖਾਲੀ ਹੋ ਗਏ । ਸਰਕਾਰ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ । ਸਰਕਾਰ ਜਹਾਜ਼ਾਂ ਰਾਹੀਂ ਪਾਣੀ ਬਾਹਰੋਂ ਮੰਗਵਾਉਣ ਲੱਗੀ ਅਤੇ ਰਾਸ਼ਨ ਕਾਰਡਾਂ ਰਾਹੀਂ ਪਾਣੀ ਬੋਤਲਾਂ ਦੇ ਹਿਸਾਬ ਨਾਲ ਜਨਤਾ ਨੂੰ ਦੇਣ ਲੱਗੀ । ਜਦੋਂ ਮਨੁਖਾਂ ਨੂੰ ਵੀ ਪਾਣੀ ਪੀਣ ਵਾਸਤੇ ਬੜੀ ਮੁਸ਼ਕਲ ਨਾਲ ਮਿਲਦਾ ਸੀ ਤਾਂ ਪਸ਼ੂ ਪੰਛੀਆਂ ਨੂੰ ਪਾਣੀ ਕਿਥੋਂ ਮਿਲਣਾ ਸੀ ? ਵਿਚਾਰੇ ਤਿਹਾਏ ਹੀ ਮਰਨ ਲੱਗੇ । ਫਲ ਬੂਟੇ ਦਰਖਤ ਸਭ ਸੁਕ ਗਏ ।
ਸੰਤ ਸੇਵਾ ਸਿੰਘ ਜੀ "ਸੇਵਾਦਾਰ" ਅਪਣੀ ਕਵਿਤਾ ਵਿਚ ਲਿਖਦੇ ਹਨ :-

ਸੋਕਾ ਪਿਆ ਇੰਗਲੈਂਡ ਦੇ ਵਿਚ ਆ ਕੇ, ਦੋ ਸਾਲ ਤੋਂ ਬਾਰਸ਼ ਨ ਹੋਈ ਹੈ ਸੀ ।
ਚਸ਼ਮੇ ਸੁਕ ਗਏ, ਸੁਕ ਦਰਿਆ ਗਏ, ਹਰਿਆ ਬੂਟਾ ਨ ਦਿਸਦਾ ਕੋਈ ਹੈ ਸੀ ।

ਮਿਲਦਾ ਮਾਪ ਕੇ ਬੋਤਲਾਂ ਵਿਚ ਪਾਣੀ ਜੰਤਾ ਉਠ ਕੇ ਮੂਲ ਨ ਨ੍ਹਾਂਵਦੀ ਏ
ਗਰਮੀ ਨਾਲ ਕਈ ਤੜਫ ਕੇ ਪ੍ਰਾਣ ਦੇ ਗਏ, ਪੇਸ਼ ਜਿਨ੍ਹਾਂ ਦੀ ਮੂਲ ਨ ਜਾਂਵਦੀ ਏ

ਅਖੀਰ ਦੁਖੀ ਹੋ ਕੇ ਸਰਕਾਰ ਨੇ ਸਾਰੀ ਜਨਤਾ ਅਗੇ ਅਪੀਲ ਕੀਤੀ ਕਿ ਸਾਰੇ ਆਪਣੇ ਅਪਣੇ ਧਰਮ ਅਨੁਸਾਰ ਅਪਣੇ ਅਪਣੇ ਇਸ਼ਟ ਅੱਗੇ ਪ੍ਰਾਰਥਨਾ ਅਥਵਾ ਅਰਦਾਸ ਕਰੋ ਕਿ ਪਾਣੀ ਦਾ ਇਹ ਸੰਕਟ ਦੂਰ ਹੋਵੇ ਅਥਵਾ ਇੰਗਲੈਂਡ ਵਿਚ ਬਾਰਸ਼ ਹੋਵੇ ।

Sri Satguru Jagjit Singh Ji Elibrary NamdhariElibrary@gmail.com

ਲੋਕ, ਮੰਦਰਾਂ, ਮਸੀਤਾਂ, ਗਿਰਜਿਆਂ, ਗੁਰਦਵਾਰਿਆਂ ਅਤੇ
ਹੋਰ ਦੂਜੇ ਧਰਮ ਸਥਾਨਾਂ ਵਿਚ ਅਪਣੇ ਅਪਣੇ ਢੰਗਾਂ ਨਾਲ ਅਰਦਾਸਾਂ ਕਰਨ ਲੱਗੇ

ਗੋਰੇ ਗਿਰਜਿਆਂ ਵਿਚ, ਹਿੰਦੂ ਮੰਦਰਾਂ ਵਿਚ, ਮੁਸਲਮਾਨ ਮਸੀਤਾਂ ਵਿਚ ਜਾਂਵਦੇ ਨੇ
ਸਿੱਖ ਹੋ ਕੱਠੇ ਗੁਰਦਵਾਰਿਆਂ ਵਿਚ, ਹੱਥ ਜੋੜ ਕੇ ਵਾਸਤੇ ਪਾਂਵਦੇ ਨੇ
ਇਕੋ ਆਸ ਨੈ ਸਾਰੇ ਹੀ ਮਨਾਂ ਵਿਚ, ਆਪੋ ਆਪਣੀ ਬੋਲੀ ਵਿਚ ਗਾਂਵਦੇ ਨੇ
ਤੇਰੇ ਮੂੰਹ ਕਰ ਕਈ ਪਹਾੜ ਚੜ੍ਹ ਕੇ, ਗੋਲੇ ਧੰਧ ਬੰਦੂਕਾਂ ਚਲਾਂਵਦੇ ਨੇ
ਨੱਚਣ ਕਈ ਬਜ਼ਾਰਾਂ ਵਿਚ ਹੋ ਨੰਗੇ, ਆਖਣ ਆਸਾਂ ਦੀ ਪੱਤ ਧਰਾਂ ਰੱਬਾ
ਗੋਤੇ ਖਾਂਵਦਾ ਗਮਾਂ ਵਿਚ ਦੇਸ਼ ਸਾਰਾ, ਹੁਣ ਤੇ ਆਪ ਆ ਕੇ ਸਹਿਪ ਰੱਬਾ

(ਸੰਤ ਸੇਵਾ ਸਿੰਘ ਜੀ)

ਹੁਣ ਸਾਰੀ ਜਨਤਾ ਅਪਣੀ ਅਪਣੀ ਚਤੁਰਾਈ ਅਤੇ ਘਮੰਡ ਨੂੰ ਤਿਆਗ ਕੇ ਪਰਮਾਤਮਾ
ਅੱਗੇ ਅਰਦਾਸ ਕਰਦੀ ਸੀ ਅਤੇ

ਧਰਤ ਮਾਤ ਵੀ ਦੇਣ ਦੁਹਾਈ ਲੱਗੀ
ਆਖੇ ਠੰਡ ਪਾ ਦੇ ਮੇਰੀ ਆਤਮਾ ਨੂੰ

ਸੁਣੀ ਪੁਕਾਰਿ ਦਾਤਾਰ ਪ੍ਰਭੁ

ਖਲਕਤ ਦੀ ਦਰਦ ਭਰੀ ਅਰਦਾਸ ਅਕਾਲ ਪੁਰਖ ਦੇ ਦਰ ਤੇ ਪਰਵਾਨ ਹੋ ਗਈ। ਉਸੇ ਵਕਤ ਇਸ ਧਰਤੀ ਤੇ ਵਿਚਰ ਰਹੇ ਅਕਾਲ ਪੁਰਖ ਦੇ ਸਰਗੁਣ ਸਰੂਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਇੰਗਲੈਂਡ ਪਹੁੰਚ ਕੇ ਜਨਤਾ ਦੇ ਸੰਕਟ ਨੂੰ ਦੂਰ ਕਰਨ ਵਾਸਤੇ ਅਪਣਾ ਦੌਰਾ ਸਿੱਖ ਲਿਆ

ਏਅਰ ਇੰਡੀਆ ਤੇਰੋ ਅਸਵਾਰ ਸਤਿਗੁਰ, ਪਹਿਲਾਂ ਵਿਚ ਅਮਰੀਕਾ ਜਾਂਵਦੇ ਨੇ
ਰੱਬ ਭੁਲਿਆਂ ਤੇ ਰਾਹੋਂ ਭਟਕਿਆਂ ਨੂੰ, ਸਿੱਧਾ ਰੱਬ ਦਾ ਰਾਹ ਵਿਖਾਂਵਦੇ ਨੇ
ਸਤਿਗੁਰ ਸਭਸ ਦਾ ਭਲਾ ਮਨਾਉਣ ਵਾਲੇ, ਉਥੋਂ ਗਰਣ ਕਨੇਡਾ ਵਿਚ ਪਾਂਵਦੇ ਨੇ
ਜੀਅ ਦਾਨ ਦੇਂਦੇ ਭਾਗਾਂ ਵਾਲਿਆਂ ਨੂੰ, ਨਾਮ ਦਾਨ ਇਸ਼ਨਾਨ ਦ੍ਰਿੜਾਂਵਦੇ ਨੇ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਪਹਿਲਾਂ ਅਮਰੀਕਾ ਗਏ, ਉਥੋਂ ਦੀ ਸੰਗਤ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ। ਫਿਰ ਕੈਨੇਡਾ ਦੀ ਸੰਗਤ ਨੂੰ ਦਰਸ਼ਨ ਦਿੱਤੇ। ਫਿਰ ਇੰਗਲੈਂਡ ਜਾਣ ਦੀ ਤਿਆਰੀ ਹੋਈ।

( ਸ੍ਰੀ ਸਤਿਗੁਰੂ ਜੀ ਇੰਗਲੈਂਡ ਪਹੁੰਚ ਗਏ )

ਹਵਾਈ ਅੱਡੇ ਤੇ ਸੰਗਤਾਂ ਪਹੁੰਚ ਗਈਆਂ
ਅਪਣੇ ਪ੍ਰੀਤਮ ਨੂੰ ਅਗੋਂ ਲਿਉਣ ਦੇ ਲਈ।

ਸਮਾਂ ਵਿਚਾਰ ਕੇ ਸਾਰੀ ਸੰਗਤ ਨੇ ਹੱਥ ਜੋੜ ਕੇ ਸਤਿਗੁਰੂ ਜੀ ਅਗੇ ਅਰਜ਼ ਕੀਤੀ, ਹੇ ਸੱਚੇ ਪਾਤਸ਼ਾਹ ਜੀ,
ਅਸੀਂ ਜੀਵ ਸਦਾ ਹੀ ਭੁਲਣਹਾਰ ਹਾਂ, ਤੁਸੀਂ
(ਫੁਖਸਿੰਦ) ਸਦਾ ਹੀ ਬਖਸ਼ਿੰਦ ਸਤਿਗੁਰ ਹੋ। ਸਾਡੇ ਔਗੁਣ ਨ
ਚਿਤਾਰੋ ਅਤੇ ਕਿਰਪਾ ਕਰੋ, ਔੜ ਦਾ ਸੰਕਟ
ਦੂਰ ਕਰੋ"

ਸਾਧ ਸੰਗਤ ਦੀ ਅਰਜ਼ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ,
"ਮੇਰੇ ਵਸ ਤੇ ਕੁਝ ਨਹੀਂ ਕਿਉਂ ਜੋ **ਜਾ ਹਉ ਕਰੀ ਨ ਹੋਈ**"।

ਫਿਰ ਸਾਧ ਸੰਗਤ ਨੇ ਅਰਜ਼ ਕੀਤੀ, ਹੇ ਸੱਚੇ ਪਾਤਸ਼ਾਹ ਜੀ,
ਤਿੰਨੇ ਲੋਕ ਹਨ ਆਪ ਦੇ ਵਸ ਦਾਤਾ
ਕਰੋ ਮੇਹਰ ਹੋਵੇ ਜੈ ਜੈ ਕਾਰ ਸਤਿ ਗੁਰ।

Sri Satguru Jagjit Singh Ji Elibrary NamdhariElibrary@gmail.com

ਫਿਰ ਸਤਿਗੁਰੂ ਜੀ ਨੇ ਫੁਰਮਾਇਆ

ਜਿਸ ਜੀਅ ਸਾਜੇ ਹਨ ਉਸਨੂੰ ਸਭ ਫਿਕਰ ਹੈ। ਮਾਲਕ ਦੀ ਜਿਵੇਂ ਰਜ਼ਾ ਹੈ ਤਿਵੇਂ ਠੀਕ ਹੈ।

ਆਉ ਅਸੀਂ ਰਲ ਕੇ ਅਰਦਾਸ ਕਰੀਏ, ਅਗੋਂ ਸਤਿਗੁਰੂ ਜੀ ਦੀ ਰਜ਼ਾ।

( ਸਾਧ ਸੰਗਤ ਨੇ ਅਰਦਾਸ ਕੀਤੀ )

ਪਤਾ ਨਹੀਂ ਕਿ ਬੱਦਲ ਕਿਥੋਂ ਆ ਗਏ, ਕਾਲੀ ਘਟਾ ਛਾ ਗਈ, ਬੱਦਲ ਗਰਜਨ ਲੱਗੇ ਅਤੇ ਬਿਜਲੀ ਚਮਕਣ ਲੱਗੀ

ਪਹਿਲਾਂ ਤਾਂ ਕੁਝ ਬੂੰਦਾ-ਬਾਂਦੀ ਹੀ ਹੋਈ ਪਰ ਮਗਰੋਂ ਛੱਜੀਂ ਧਾਰੀਂ ਮੀਂਹ ਵਰ੍ਹਣ ਲੱਗ ਪਿਆ

## ਹੁਕਮੀ ਵਰਸਣ ਲਾਗੇ ਮੇਹਾ।

ਫਿਰ

## ਊਨਵਿ ਊਨਵਿ ਆਇਆ

## ਵਰਸੈ ਨੀਰੁ ਨਿਪੰਗੁ।

ਅਥਵਾ

## ਪਰਮੇਸਰੁ ਹੋਆ ਦਇਆਲੁ

## ਮੇਘੁ ਵਰਸੈ ਅੰਮ੍ਰਿਤ ਧਾਰ

## ਸਗਲੇ ਜੀਅ ਜੰਤ ਤ੍ਰਿਪਤਾਸੇ .....

ਸ੍ਰੀ ਤ ਸੇਵਾ ਸਿੰਘ ਜੀ ਸੇਵਾਦਾਰ ਲਿਖਦੇ ਹਨ

ਦੌੜੀ ਖੁਸ਼ੀ ਦੀ ਲਹਿਰ ਸਭ ਮਨਾਂ ਅੰਦਰ,<br>
ਆ ਗਈ ਮੁਰਦਿਆਂ ਰੂਹਾਂ ਵਿਚ ਜਾਨ ਝਟ ਪਟ।<br>
ਪਾਣੀ ਪੀਣ ਨੂੰ ਵੀ ਜਿਹੜੇ ਤਰਸਦੇ ਸੀ,<br>
ਸਣੇ ਕਪੜੀਂ ਲਗ ਪਏ ਨ੍ਹਾਣ ਝਟਪਟ।<br>
ਇਕ ਦੂਜੇ ਨੂੰ ਦੇਣ ਵਧਾਈ ਸਾਰੇ<br>
ਲਗੇ ਸਤਿਗੁਰਾਂ ਦਾ ਸ਼ੁਕਰ ਮਨਾਣ ਝਟਪਟ।<br>
ਸੇਵਾਦਾਰ ਸਭ ਤੜਫਦੇ ਦਰਸ਼ਨਾਂ ਨੂੰ<br>
ਸਤਿਗੁਰ ਹੋਏ ਨੇਰੋਬੀ ਰਵਾਨ ਝਟ ਪਟ

ਰੌਲਾ ਪਾਇਆ ਅਖਬਾਰਾਂ ਤੇ ਰੇਡਿਓ ਨੇ,
ਸਿਰਜਨਹਾਰ ਨਿਰੰਕਾਰ ਕਰਤਾਰ ਹੈ ਏ।
ਤਿੰਨੇ ਲੋਕ ਰਹਿਣ ਏਸੇ ਦੇ ਹੁਕਮ ਅੰਦਰ
ਹਰ ਕੋਈ ਏਸੇ ਦਾ ਹੀ ਸੇਵਾਦਾਰ ਹੈ ਏ।

ਫਿਰ ਕੀ ਸੀ

## ਹੋ ਰਹੀ ਏ ਜੈ ਜੈ ਕਾਰ
## ਗੁਰੂ ਜਗਜੀਤ ਸਿੰਘ ਦੀ

ਵਾਹ! ਸਮਾਂ ਕੈਸਾ ਬਦਲ ਗਿਆ ਹੈ, ਜਿਨ੍ਹਾਂ ਨਾਮਧਾਰੀਆਂ (ਕੂਕਿਆਂ) ਨੂੰ ਅੰਗਰੇਜ਼ ਆਪਣੇ ਕੱਟਰ ਦੁਸ਼ਮਣ ਸਮਝਦੇ ਸਨ, ਉਨ੍ਹਾਂ ਹੀ ਅੰਗਰੇਜ਼ਾਂ ਨੇ ਨਾਮਧਾਰੀਆਂ ਦੇ ਗੁਰੂ (ਹਜ਼ਰਾਂ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅੱਗੇ ਇੰਗਲੈਂਡ ਵਿਚ ਵਸਦੇ ਨਾਮਧਾਰੀਆਂ ਰਾਹੀਂ ਬਾਰਸ਼ ਵਾਸਤੇ ਨਿਮ੍ਰਤਾ ਸਹਿਤ ਬਾਰ ਬਾਰ ਅਰਜ਼ਾਂ ਕੀਤੀਆਂ।

**ਕਰਾਮਤ ਆਦਿ ਜੋ ਵਡੇ ਤਪਸਵੀ ਵਿਸੇਖੀਐ ॥**
**ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ ॥**

Sri Satguru Jagjit Singh Ji Elibrary NamdhariElibrary@gmail.com

ਸਾਧ ਸੰਗਤ ਜੀ, ਵੈਸੇ ਤਾਂ ਹਰ ਸਮੇਂ ਹਾਜ਼ਰ ਸਤਿਗੁਰੂ ਜੀ, ਅਪਣੇ ਭਗਤਾਂ ਅਥਵਾ ਸ਼ਰਨਾਰਥੀਆਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰਦੇ ਰਹਿੰਦੇ ਹਨ। ਇਹ ਕਾਮਨਾਵਾਂ ਸਾਰੀਆਂ ਨਿਜੀ ਕਾਮਨਾਵਾਂ ਹੁੰਦੀਆਂ ਹਨ, ਜਿਨ੍ਹਾਂ ਦਾ ਪਤਾ ਆਮ ਜੰਤਾ ਨੂੰ ਨਹੀਂ ਲਗਦਾ। ਪਰ ਕਈ ਵਾਰੀ ਐਸਾ ਵੀ ਹੁੰਦਾ ਹੈ ਕਿ ਸਮੂੰਹ ਦੇਸ਼ ਦੀ ਫਰਿਆਦ ਅਥਵਾ ਅਰਦਾਸ ਸੁਣ ਕੇ ਖਲਕਤ ਦੀ ਮਨੋ ਕਾਮਨਾ ਪੂਰੀ ਕਰਦੇ ਹਨ। ਸਤਿਗੁਰੂ ਜੀ ਅਪਣੇ ਆਪ ਨੂੰ ਜਣਾਂਦੇ ਨਹੀਂ ਸਗੋਂ ਅਕਾਲ ਪੁਰਖ ਅਗੇ ਅਰਦਾਸ ਕਰਨ ਦਾ ਬਹਾਨਾ ਬਣਾ ਲੈਂਦੇ ਹਨ ਅਤੇ ਸੰਗਤ ਵਿਚ ਆਪ ਸ਼ਾਮਲ ਹੋ ਕੇ ਅਰਦਾਸ ਕਰਵਾਉਂਦੇ ਹਨ।

ਇਸੇ ਤਰ੍ਹਾਂ ਹੀ, ਇੰਗਲੈਂਡ ਦੀ ਦਰਦ ਭਰੀ ਫਰਿਆਦ, ਨਾਮਧਾਰੀ ਸੰਗਤ ਰਾਹੀਂ ਸੁਣ ਕੇ, ਸਤਿਗੁਰੂ ਜੀ ਨੇ ਸਾਧ ਸੰਗਤ ਵਿਚ ਆਪ ਸ਼ਾਮਲ ਹੋ ਕੇ ਮਾਂਗਟ ਹਾਲ ਲੰਡਨ ਵਿਚ ਅਰਦਾਸ ਕਰਵਾਈ ਸੀ। ਇਸ ਅਰਦਾਸ ਉਪਰੰਤ ਜਿਹੜੀ ਬਾਰਸ਼ ਹੋਈ ਸੀ ਉਹ ਇੰਗਲੈਂਡ ਦੇ ਵਾਸੀ ਚੰਗੀ ਤਰ੍ਹਾਂ ਜਾਣਦੇ ਹਨ। ਇਹ ਮੰਗ ਨਾ ਤਾਂ ਨਿਜੀ ਸੀ ਅਤੇ ਨਾ ਹੀ ਗੁਪਤ ਸੀ ਇਹ ਜ਼ਾਹਰਾ ਸੀ ਅਤੇ ਖਲਕਤ ਦੀ ਮੰਗ ਸੀ। ਇਸ ਮੰਗ ਦਾ ਪੂਰਾ ਹੋਣਾ ਭਾਵੇਂ ਸਤਿਗੁਰੂ ਜੀ ਦੀ ਕਿਰਪਾ ਸਮਝ ਲਈਏ ਭਾਵੇਂ ਸਤਿਗੁਰੂ ਜੀ ਦੀ ਜਗਤ ਪ੍ਰਸਿੱਧ ਜ਼ਾਹਰੀ ਕਰਾਮਾਤ ਸਮਝ ਲਈਏ।

ਭਾਈ ਗੁਰਦਾਸ ਜੀ ਦਾ ਲਿਖਿਆ ਹੋਇਆ

## ਜ਼ਾਹਰ ਕਲਾ ਨ ਛਪੈ ਛਪਾਈ

ਜਿੱਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਮੱਕਾ ਫੇਰਨ ਵਾਲੀ ਸਾਖੀ ਤੇ ਲਾਗੂ ਹੁੰਦਾ ਹੈ ਉੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੰਗਲੈਂਡ ਵਿਚ ਬਾਰਸ਼ ਕਰਨ ਵਾਲੀ ਸਾਖੀ ਤੇ ਵੀ ਲਾਗੂ ਸਮਝਣਾ ਚਾਹੀਦਾ ਹੈ।

ਇਹ ਕੋਈ **ਗੁਝੀ ਛੰਨੀ ਨਾਹੀ ਬਾਤ** ।

ਇਹ ਇੰਗਲੈਂਡ ਦੀ ਜੰਤਾ ਨੇ ਅੱਖੀਂ ਵੇਖਿਆ ਅਤੇ ਬੀ ਬੀ ਸੀ (BBC) ਦੇ ਤਬੱਸਰਾਕਾਰ ਨੇ ਕਿਹਾ ਸੀ ਕਿ ਅਜ (ਉਸ ਦਿਨ) ਇੰਗਲੈਂਡ ਦੇ ਸਾਰੇ ਅਖਬਾਰਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਅਪਾਰ ਬਖਸ਼ਸ਼ ਦੀ ਚਰਚਾ ਹੈ ਅਤੇ ਲੋਕਾਂ ਨੇ ਸਤਿਗੁਰੂ ਜੀ ਨੂੰ ਮੀਂਹ ਵਰਸਾਉਣ ਵਾਲੇ ਗੁਰੂ RAIN MAKER ਦੇ ਨਾਮ ਨਾਲ ਸਤਿਕਾਰਿਆ ਹੈ।

## ਜੀਤ ਜਾਕੇ [illegible] ਨਾਨਕ ਕੀ ਵਡਿਆਈ

Sri Satguru Jagjit Singh Ji Elibrary NamdhariElibrary@gmail.com

NO. 64

DATE

ਸਾਧ ਸੰਗਤ ਜੀ ਵੈਸੇ ਤਾਂ ਹਰ ਸਮੇਂ ਹਾਜ਼ਰ ਸਤਿਗੁਰੂ ਜੀ, ਅਪਣੇ ਭਗਤਾਂ ਅਥਵਾ ਸ਼ਰਨਾਰਥੀਆਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰਦੇ ਰਹਿੰਦੇ ਹਨ। ਇਹ ਕਾਮਨਾਵਾਂ ਸਾਡੀਆਂ ਨਿਜੀ ਕਾਮਨਾਵਾਂ ਹੁੰਦੀਆਂ ਹਨ, ਇਨ੍ਹਾਂ ਦਾ ਪਤਾ ਆਮ ਜੰਤਾ ਨੂੰ ਨਹੀਂ ਲਗਦਾ। ਪਰ ਕਈ ਵਾਰੀ ਐਸਾ ਵੀ ਹੁੰਦਾ ਹੈ ਕਿ ਸਮੁੱਚੇ ਦੇਸ਼ ਦੀ ਫਰਿਆਦ ਅਥਵਾ ਅਰਦਾਸ ਸੁਣ ਕੇ ਖਲਕਤ ਦੀ ਮਨੋ ਕਾਮਨਾ ਪੂਰੀ ਕਰਦੇ ਹਨ। ਸਤਿਗੁਰੂ ਜੀ ਅਪਣੇ ਆਪ ਨੂੰ ਜਤਾਂਦੇ ਨਹੀਂ ਸਗੋਂ ਅਕਾਲ ਪੁਰਖ ਅੱਗੇ ਅਰਦਾਸ ਕਰਨ ਦਾ ਬਹਾਨਾ ਬਣਾ ਲੈਂਦੇ ਹਨ ਅਤੇ ਸੰਗਤ ਵਿਚ ਆਪ ਸ਼ਾਮਲ ਹੋ ਕੇ ਅਰਦਾਸ ਕਰਵਾਉਂਦੇ ਹਨ।

ਇਸੇ ਤਰ੍ਹਾਂ ਹੀ, ਇੰਗਲੈਂਡ ਦੀ ਦਰਦ ਭਰੀ ਫਰਿਆਦ, ਨਾਮਧਾਰੀ ਸੰਗਤ ਰਾਹੀਂ ਸੁਣ ਕੇ, ਸਤਿਗੁਰੂ ਜੀ ਨੇ ਸਾਧ ਸੰਗਤ ਵਿਚ ਆਪ ਸ਼ਾਮਲ ਹੋ ਕੇ ਮਾਰਗਟ ਹਾਲ ਲੰਡਨ ਵਿਚ ਅਰਦਾਸ ਕਰਵਾਈ ਸੀ। ਇਸ ਅਰਦਾਸ ਉਪਰੰਤ ਜਿਹੜੀ ਬਾਰਸ਼ ਹੋਈ ਸੀ ਉਹ ਇੰਗਲੈਂਡ ਦੇ ਵਾਸੀ ਚੰਗੀ ਤਰ੍ਹਾਂ ਜਾਣਦੇ ਹਨ। ਇਹ ਮੰਗ ਨਾ ਤਾਂ ਨਿਜੀ ਸੀ ਅਤੇ ਨਾ ਹੀ ਗੁਪਤ ਸੀ ਇਹ ਜ਼ਾਹਰਾ ਸੀ ਅਤੇ ਖਲਕਤ ਦੀ ਮੰਗ ਸੀ। ਇਸ ਮੰਗ ਦਾ ਪੂਰਾ ਹੋਣਾ ਭਾਵੇਂ ਸਤਿਗੁਰੂ ਜੀ ਦੀ ਕਿਰਪਾ ਸਮਝ ਲਈਏ ਭਾਵੇਂ ਸਤਿਗੁਰੂ ਜੀ ਦੀ ਜਗਤ ਪ੍ਰਸਿੱਧ ਜ਼ਾਹਰੀ ਕਰਾਮਾਤ ਸਮਝ ਲਈਏ।

ਭਾਈ ਗੁਰਦਾਸ ਜੀ ਦਾ ਲਿਖਿਆ ਹੋਇਆ

## ਜ਼ਾਹਰ ਕਲਾ ਨ ਛਪੈ ਛਪਾਈ

ਜਿੱਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਮੱਕਾ ਫੇਰਨ ਵਾਲੀ ਸਾਖੀ ਤੇ ਲਾਗੂ ਹੁੰਦਾ ਹੈ ਉੱਥੇ ਸ੍ਰੀ ਸਤਿ ਗੁਰੂ ਜਗਜੀਤ ਸਿੰਘ ਜੀ ਦੀ ਇੰਗਲੈਂਡ ਵਿਚ ਬਾਰਸ਼ ਕਰਨ ਵਾਲੀ ਸਾਖੀ ਤੇ ਵੀ ਲਾਗੂ ਸਮਝਣਾ ਚਾਹੀਦਾ ਹੈ.

ਇਹ ਕੋਈ

## ਗੁੱਝੀ ਛੰਨੀ ਨਾਹੀ ਬਾਤ।

ਇਹ ਇੰਗਲੈਂਡ ਦੀ ਜੰਤਾ ਨੇ ਅੱਖੀਂ ਵੇਖਿਆ, ਅਤੇ ਬੀ ਬੀ ਸੀ (BBC) ਦੇ ਤਬੱਸਰਾਕਾਰ ਨੇ ਕਹਿਆ ਸੀ ਕਿ ਅਜ (ਉਸ ਦਿਨ) ਇੰਗਲੈਂਡ ਦੇ ਸਾਰੇ ਅਖਬਾਰਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਅਪਾਰ ਬਖਸ਼ਸ਼ ਦੀ ਚਰਚਾ ਹੈ ਅਤੇ ਲੋਕਾਂ ਨੇ ਸਤਿਗੁਰੂ ਜੀ ਨੂੰ ਮੀਂਹ ਵਰਸਾਉਣ ਵਾਲੇ ਗੁਰੂ ਦੇ ਨਾਮ ਨਾਲ ਸਤਿਕਾਰਿਆ ਹੈ।

RAIN MAKER

[illegible]

ਸਤਿਗੁਰੂ ਜੀ, ਜਿੰਨੀ ਕੁ ਕਿਸੇ ਤੇ ਕਿਰਪਾ ਕਰਦੇ ਹਨ ਉੱਨਾ ਹੀ ਉਹ ਸਤਿਗੁਰੂ ਜੀ ਨੂੰ ਜਾਣਦਾ ਹੈ। ਇੰਗਲੈਂਡ ਵਾਲਿਆਂ ਨੇ ਤਾਂ ਸਤਿਗੁਰੂ ਜੀ ਨੂੰ "ਮੀਂਹ ਵਰਸਾਉਣ ਵਾਲੇ ਗੁਰੂ" ਹੀ ਕਿਹਾ ਹੈ ਪਰ ਭਾਈ ਗੁਰਦਾਸ ਜੀ ਇਸ ਤਰ੍ਹਾਂ ਲਿਖਦੇ ਹਨ

ਸਤਿਗੁਰ ਪੂਰਾ ਸਾਹੁ ਹੈ ਤ੍ਰਿਭਵਣ ਜਗ ਤਿਸ ਦਾ ਵਣਜਾਰਾ
ਰਤਨ ਪਦਾਰਥ ਬੇਸੁਮਾਰ, ਭਾਉ ਭਗਤਿ ਲਖ ਭਰੇ ਭੰਡਾਰਾ
ਪਾਰਿਜਾਤ ਲਖ ਬਾਗ ਵਿਚਿ, ਕਾਮਧੇਨੁ ਦੇ ਵਗ ਹਜਾਰਾ।
ਲਖਮੀਆਂ ਲਖ ਗੋਲੀਆਂ, ਪਾਰਸ ਦੇ ਪਰਬਤੁ ਅਪਾਰਾ।
ਲਖ ਅੰਮ੍ਰਿਤ ਲਖ ਇੰਦ੍ਰ ਲੈ, ਹੁਇ ਸਕੇ ਛਿੜਕਨਿ ਦਰਬਾਰਾ
ਸੂਰਜ ਚੰਦ ਚਰਾਗ ਲਖ, ਰਿਧਿ ਸਿਧਿ ਨਿਧਿ ਬਹੁ ਲਖ ਅੰਬਾਰਾ.

ਬ੍ਰੋਗਸਿਧੋ ਉਪ: ਵਿਚ ਲਿਖਿਆ ਹੈ

ਯਥਾ ਗੁਰ: ਤਥੈਵ ਈਸੋ ਯਥੈਵ ਈਸ: ਤਥਾ ਗੁਰੂ: ॥
ਭਾਵ ਜੈਸੇ ਗੁਰੂ ਹੈ ਤੈਸੇ ਈਸ਼ਵਰ ਹੈ, ਜੈਸੇ ਈਸ਼ਵਰ ਹੈ ਤੈਸੇ ਗੁਰੂ ਹੈ

ਗੁਰੂ: ਬ੍ਰਹਮਾ ਗੁਰ ਵਿਸ਼ਨੁ: ਗੁਰ ਦੇਵ: ਸਦਾ ਅਚੁਤ:
ਭਾਵ ਗੁਰੂ ਹੀ ਬ੍ਰਹਮਾ ਹੈ, ਤੱਥਾ ਗੁਰ ਵਿਸ਼ਨੂ ਰੂਪ ਹੈ ਤਥਾ ਗੁਰੂ ਸਦਾ ਅਚਯੁਤ ਰੂਪ ਹੈ

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੀ ਹਕੂਮਤ ਨਾਲ ਜਿਹੜੇ ਜੰਗ ਕੀਤੇ ਸਨ, ਉਹ ਕਿਸੇ ਜਾਤੀ ਲਾਲਚ ਵਾਸਤੇ ਜਾਂ ਰਾਜ ਦੀ ਪ੍ਰਾਪਤੀ ਵਾਸਤੇ ਨਹੀਂ ਸਨ ਕੀਤੇ, ਉਹ ਸਿਰਫ਼

ਧਰਮ ਚਲਾਵਨ ਸੰਤ ਉਬਾਰਨ ।
ਦੁਸਟ ਸਭਨ ਕੋ ਮੂਲ ਉਪਾਰਨ ।

ਵਾਸਤੇ ਕੀਤੇ ਸਨ ।

ਭਾਵ ਉਹ ਜੰਗ ਧਰਮ ਦੀ ਜੈ ਕਰਨ ਖਾਤਰ, ਸੰਤਾਂ ਸਾਧੂਆਂ ਦੇ ਉਬਾਰਨ ਵਾਸਤੇ ਅਤੇ ਜ਼ਾਲਮਾਂ ਦੁਸ਼ਟਾਂ ਦੇ ਜ਼ੁਲਮ ਨੂੰ ਖਤਮ ਕਰਨ ਵਾਸਤੇ ਕੀਤੇ ਸਨ ।

ਜ਼ਰਾ ਸੋਚੋ ਕਿ ਨਿਰਦੋਸ਼ ਹਿੰਦੂਆਂ ਨੂੰ, ਸਾਧੂਆਂ ਸੰਤਾਂ ਨੂੰ, ਇਥੋਂ ਤਕ ਕਿ ਸ਼ਾਂਤ ਮੂਰਤ ਹਿੰਦ ਦੀ ਚਾਦਰ, ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨਾ ਕਿੰਨਾ ਭਾਰੀ ਜ਼ੁਲਮ ਸੀ । ਇਸੇ ਜ਼ੁਲਮ ਨੂੰ ਖਤਮ ਕਰਨ ਲਈ ਹੀ ਦਸਮ ਪਾਤਸ਼ਾਹ ਜੀ ਨੂੰ ਤਲਵਾਰ ਉਠਾਉਣੀ ਪਈ ਅਤੇ ਜੰਗ ਕਰਨੇ ਪਏ । ਇਸ ਦੇ ਪਿਛੋਂ ਜੋ ਨਤੀਜਾ ਨਿਕਲਿਆ ਉਹ ਆਪ ਜੀ ਨੂੰ ਪਤਾ ਹੀ ਹੈ ਕਿ ਮੁਗ਼ਲ ਰਾਜ ਨੇਸਤੋ ਨਾਬੂਦ ਹੋ ਗਿਆ ਅਤੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਕਮਾਂਡ (Commend) ਹੇਠ ਪੰਜਾਬੀਆਂ ਦਾ ਅਪਣਾ ਰਾਜ ਕਾਇਮ ਹੋ ਗਿਆ ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤਰ੍ਹਾਂ ਗਿਦੜਾਂ ਤੋਂ ਸ਼ੇਰ ਬਣਾਇਆ ਸੀ, ਬਾਰੇ ਸੋਚਦਿਆਂ ਇਹ ਸਮਝ ਆਉਂਦੀ ਹੈ ਕਿ ਉਨ੍ਹਾਂ ਨੇ ਅਪਣੇ ਸੇਵਕਾਂ ਨੂੰ ਇਕ ਅਦਭੁਤ ਵਸਤੂ ਅੰਮ੍ਰਿਤ ਦੀ ਦਾਤ ਬਖਸ਼ੀ ਸੀ । ਇਸ ਅੰਮ੍ਰਿਤ ਵਿਚ ਗੁਰੂ ਸਾਹਿਬ ਜੀ ਨੇ ਜੰਤ੍ਰ ਮੰਤ੍ਰ ਅਤੇ ਤੰਤ੍ਰ ਤਿੰਨੇ ਚੀਜ਼ਾਂ ਪਾਈਆਂ ਸਨ । ਅੰਮ੍ਰਿਤ ਦੀ ਦਾਤ ਨਾਲ ਸਿੱਖੀ ਰਹਿਤ ਮਰਯਾਦਾ ਵੀ ਬਖਸ਼ੀ ਸੀ । ਆਪ ਜੀ ਨੇ ਆਪਣੇ ਸਿੱਖਾਂ ਨੂੰ ਕੁਝ ਇਸ ਤਰ੍ਹਾਂ ਦਾ ਆਦੇਸ਼ ਦਿੱਤਾ :-

ਪੰਜ ਕਕਾਰ, ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰੇ ਦੇ ਧਾਰਨੀ ਬਣੋ ।
ਅਪਣੇ ਨਾਮ ਨਾਲ "ਸਿੰਘ" ਪਦ ਜ਼ਰੂਰ ਲਾਓ ।
ਅੰਮ੍ਰਿਤ ਵੇਲੇ ਸਣ ਕੇਸੀ ਇਸ਼ਨਾਨ ਕਰਕੇ ਭਜਨ ਕਰੋ ਅਤੇ ਗੁਰਬਾਣੀ ਪੜ੍ਹੋ ।
ਮਾਸ, ਸ਼ਰਾਬ ਅਤੇ ਤੰਬਾਕੂ ਦਾ ਤਿਆਗ ਕਰੋ ।
ਗਊ ਗਰੀਬ ਦੀ ਰੱਖਿਆ ਕਰੋ ਅਤੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰੋ ।
"ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ" ਤੇ ਅਮਲ ਕਰੋ ।
ਇਕ ਅਕਾਲ ਤੇ ਭਰੋਸਾ ਰਖੋ ਅਥਵਾ "ਇਕ ਬਿਨੁ ਦੂਸਰ ਸੋ ਨ ਚਿਨਾਰ"

ਗੁਰੂ ਸਾਹਿਬ ਜੀ ਲਿਖਦੇ ਹਨ :- ਬਿਨੁ ਹਰਿ ਨਾਮ ਨ ਬਾਚਨ ਪੈਹੈ

[illegible] ..

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਜਿੱਥੇ ਲੋਕ ਪਰਲੋਕ ਸਵਾਰਨ ਵਾਸਤੇ ਅਤੇ ਆਤਮ ਸੁੱਧੀ ਵਾਸਤੇ ਬਾਣੀ ਪੜ੍ਹਨ ਅਤੇ ਗੁਰੂ ਦਵਾਰਾ ਨਾਮ ਪ੍ਰਾਪਤ ਕਰਕੇ ਨਾਮ ਜਪਣ ਦੀ ਸਿੱਖਿਆ ਦਿੰਦੇ ਹਨ ਉੱਥੇ ਸਰੀਰ ਸੁੱਧੀ ਵਾਸਤੇ ਇਸ਼ਨਾਨ ਪਾਣੀ ਕਰਨ ਅਤੇ ਨਿਗੁਰੇ ਕੋਲੋਂ ਪ੍ਰਸ਼ਾਦ ਆਦਿ ਨ ਲੈਕੇ ਖਾਣ ਪੀਣ ਦੀ ਵੀ ਸਿੱਖਿਆ ਦਿੰਦੇ ਹਨ :-

## ਜਹਾਂ ਕਹਾਂ ਕਾ ਛਕੈ ਪ੍ਰਸਾਦਿ
## ਸਿਖ ਨਹੀ ਮੇਰਾ ਆਦਿ ਜੁਗਾਦਿ ।

ਕਿਉਂ ਜੋ

## ਜਾ ਕੀ ਰਹਿਤ ਨ ਜਾਣੀਏ ਗੁਰ ਮੰਤਰ ਨਹੀ ਚੀਤ ।
## ਉਨਕਾ ਭੋਜਨ ਖਾਇਕੈ ਵਿਸਰੈ ਹਰਿ ਸਿਉ ਪ੍ਰੀਤ ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਰਹਿਤ ਮਰਯਾਦਾ ਰਖਣ ਵਾਸਤੇ ਬੜੀ ਪੱਕੀ ਕੀਤੀ ਸੀ ਅਤੇ ਕੁਝ ਇਸ ਤਰ੍ਹਾਂ ਕਹਿਆ ਸੀ :-

## ਰਹਿਣੀ ਰਹੈ ਸੋਈ ਸਿਖ ਮੇਰਾ ।
## ਓਹੁ ਠਾਕੁਰੁ ਮੈਂ ਉਸਕਾ ਚੇਰਾ ।

ਸਤਿਗੁਰੂ ਜੀ ਦੇ ਇਸ ਹੁਕਮ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਆਪ ਜੀ ਰਹਿਤ ਮਰਯਾਦਾ ਦੀ ਕਿੰਨੀ ਕਦਰ ਕਰਦੇ ਸਨ । ਇਹੀ ਕਾਰਨ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿੱਥੇ ਮੁਰਝਾ ਚੁਕੀ ਸਿੱਖੀ ਨੂੰ ਸੁਰਜੀਤ ਕੀਤਾ ਉੱਥੇ ਰਹਿਤ ਮਰਯਾਦਾ ਦਾ ਪਰਚਾਰ ਕਰਕੇ ਸਿੱਖੀ ਨੂੰ ਹਰਾ ਭਰਾ ਕਰ ਦਿੱਤਾ । ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੀ ਇਹ ਪਰਚਾਰ ਜਾਰੀ ਰੱਖਿਆ । ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਤਾਂ ਇੰਨਾ ਪਰਚਾਰ ਕੀਤਾ ਕਿ ਉਨ੍ਹਾਂ ਦਾ ਨਾਮ ਹੀ ਇਹ ਪ੍ਰਸਿੱਧ ਹੋ ਗਿਆ

## ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਜਿਨ੍ਹਾਂ ਕਲਿਜੁਗ ਵਿਚ ਸੁਚ ਸੋਧ ਅਤੇ ਨਾਮ ਬਾਣੀ ਦਾ ਪਰਵਾਹ ਦਿਤਾ ਚਲਾਇ ।

ਹਾਜ਼ਰ ਹਜ਼ੂਰ, ਗੁਰ ਗੱਦੀ ਨਸ਼ੀਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਹਿਤ ਮਰਯਾਦਾ ਦੇ ਪਰਚਾਰ ਬਾਰੇ ਕਹਿਣਾ ਹੀ ਕੀ, ਜਿਸ ਤੇ ਵੀ ਕ੍ਰਿਪਾ ਦ੍ਰਿਸ਼ਟੀ ਕੀਤੀ ਉਸ ਨੇ ਹੀ ਕੱਚੀ ਜਾਂ ਪੱਕੀ ਸੋਧ ਰਖ ਲਈ ਜਾਂ ਘਟੋ ਘਟ ਬਾਹਰ ਦੀਆਂ ਚੀਜ਼ਾਂ ਕਿਉਂਕਿ ਗੁਰੂ ਤੋਂ ਹੁਕਮ ... ਇਹ ਪਰਚਾਰ ਅਤੇ ਪਰਉਪਕਾਰ ਕਰਨਾ ਇਨ੍ਹਾਂ ਦਾ ਫਰਜ਼ ਹੈ [illegible]

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

श्री सद्गुरू जगजीत सिंह जी महाराज

His Holiness Satguru Jagjit Singh Ji

Sri Satguru Jagjit Singh Ji Elibrary NamdhariElibrary@gmail.com

NO. ______

DATE ______

ਮੇਰੀ ਇਨ੍ਹਾਂ ਪ੍ਰਤੀ ਇਹ ਹੀ

ਅਰਦਾਸ ਹੈ

ਜੁਗ ਜੁਗ ਜੀਵੇ

ਅਤੇ

ਸਾਨੂੰ ਅਪਣੇ ਬਣਾਈ ਰਖਣ

ਪ੍ਰੀਤ ਤੇ ਪਰਤੀਤ ਬਖਸ਼ੋ

ਗਲਤੀਆਂ ਦੀ ਖਿਮਾ ਦਾ

ਜਾਚਕ

ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com